## PUNJAB VIDHAN SABHA

*Wednesday, the 20th March, 2013*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.*

——————

## STARRED QUESTIONS AND ANSWERS

### ਕਰਜ਼ਾ ਮੁਆਫ ਕਰਨਾ

***674. ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਐਸ.ਸੀ. ਕਾਰਪੋਰੇਸ਼ਨ ਤੋਂ ਕਰਜਾ ਲੈਣ ਵਾਲੇ ਮਰ ਚੁੱਕੇ ਕਰਜ਼ਦਾਰਾਂ ਦੇ ਕਰਜ਼ਾ ਮੋੜਨ ਤੋਂ ਅਸਮਰਥ ਪਰਿਵਾਰਾਂ ਦਾ ਕਰਜ਼ਾ ਮੁਆਫ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਗੁਲਜਾਰ ਸਿੰਘ ਰਣੀਕੇ :** ਇਸ ਸਮੇਂ ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਮਾਨਯੋਗ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਮਾਨਯੋਗ ਮੁੱਖ ਮੰਤਰੀ ਸਾਹਿਬ ਦੀ ਰਹਿਨੁਮਾਈ ਵਿਚ ਬਹੁਤ ਵੱਡੀਆਂ ਵੱਡੀਆਂ ਰਿਆਇਤਾਂ ਪੰਜਾਬ ਦੇ ਲੋਕਾਂ ਨੂੰ ਵੱਖ ਵੱਖ ਖੇਤਰਾਂ ਵਿਚ ਦਿੱਤੀਆਂ ਹਨ ਉਹ ਚਾਹੇ ਸਿੱਕ ਯੂਨਿਟ ਇੰਡਸਟਰੀ ਦੀ ਗੱਲ ਹੋਵੇ, ਚਾਹੇ ਮੁਲਾਜ਼ਮ ਵਰਗ ਦੀ ਗੱਲ ਹੋਵੇ।ਸਪੀਕਰ ਸਾਹਿਬ ਇਹ ਤਾਂ ਇਕ ਬਹੁਤ ਵੱਡੇ ਗਰੀਬ ਵਰਗ ਦੀ ਇਕ ਛੋਟੀ ਜਿਹੀ ਤਕਲੀਫ ਹੈ ਕਿ ਜਿਹੜੇ ਗਰੀਬ ਪਰਿਵਾਰਾਂ ਨੇ ਐਸ.ਸੀ. ਕਾਰਪੋਰੇਸ਼ਨ ਤੋਂ ਲੋਨ ਲਏ ਹੋਏ ਸਨ ਔਰ ਜਿਹੜੇ ਵਿਅਕਤੀ ਸਨ ਉਹ ਮਰ ਚੁੱਕੇ ਹਨ। ਉਨਾਂ ਦੀਆਂ ਵਿਧਵਾ ਔਰਤਾਂ ਹਨ ਅਤੇ ਉਨ੍ਹਾਂ ਕੋਲ ਇਨਕਮ ਦਾ ਕੋਈ ਵੀ ਸੋਰਸ ਨਹੀਂ ਹੈ। ਇਹ ਸਾਰੇ ਪੰਜਾਬ ਵਿਚ ਇਸ ਤਰ੍ਹਾਂ ਦੇ ਸਿਰਫ 855 ਕੇਸ ਹੀ ਹਨ ਜਿਨ੍ਹਾਂ ਦੀ ਡੈਥ ਹੋ ਚੁੱਕੀ ਹੈ ਅਤੇ ਇਸ ਦੇ ਵਿਚ ਜਿਹੜੀ ਅਮਾਊਂਟ ਹੈ ਉਹ ਸਿਰਫ ਪੰਜ ਕਰੋੜ ਰੁਪਿਆ ਹੀ ਬਣਦੀ ਹੈ। ਅਸੀਂ ਪੰਜ ਕਰੋੜ ਰੁਪਏ ਦੀ ਅਮਾਊਂਟ ਦੇ ਕੇ 855 ਪਰਿਵਾਰਾਂ ਨੂੰ ਬਹੁਤ ਵੱਡੀ ਸਹੂਲਤ ਦੇ ਸਕਦੇ ਹਾਂ ਉਨਾਂ ਦੇ ਦੁੱਖ ਵਿਚ ਸ਼ਰੀਕ ਹੋ ਸਕਦੇ ਹਾਂ। ਮੈਂ ਤਾਂ ਮੁੱਖ ਮੰਤਰੀ ਸਾਹਿਬ ਨੂੰ ਵੀ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਗਰੀਬ ਪਰਿਵਾਰਾਂ ਨੂੰ ਰਾਹਤ ਦੇਣ ਦਾ ਇਹ ਜਿਹੜਾ ਕੰਮ ਹੈ ਇਹ ਜ਼ਰੂਰ ਕੀਤਾ ਜਾਵੇ ਕਿਉਂਕਿ ਉਹ ਲੋਕ ਅਸਮਰਥ ਹਨ। ਉਨ੍ਹਾਂ ਦੇ ਪਿੱਛੇ ਮਹਿਕਮੇ ਵਾਲੇ ਉਨ੍ਹਾਂ ਦੀ ਪ੍ਰਾਪਟੀ ਦੀ ਆਕਸ਼ਨਾਂ ਕਰਨ ਲਈ, ਉਨ੍ਹਾਂ ਨੂੰ ਹੋਰ ਪ੍ਰੇਸ਼ਾਨੀ ਵਿਚ ਖੜ੍ਹੇ ਕਰਨ ਲਈ, ਵਕੀਲ ਕਰਨ ਲਈ ਤੁਰੇ ਫਿਰਦੇ ਹਨ। ਇਸ ਲਈ ਜੇ 855 ਗਰੀਬ ਪਰਿਵਾਰਾਂ ਦੇ ਕਰਜ਼ੇ ਪੰਜ ਕਰੋੜ ਰੁਪਏ ਦੀ ਰਾਸ਼ੀ ਨਾਲ ਮੁਆਫ ਕਰ ਦਿੱਤੇ ਜਾਣ ਤਾਂ ਮੈ ਕਹਿੰਦਾ ਹਾਂ ਕਿ ਇਹ ਬਹੁਤ ਵੱਡਾ ਪਰਉਪਕਾਰ ਹੋਵੇਗਾ। ਕੀ ਮੰਤਰੀ ਜੀ ਉਨ੍ਹਾਂ ਗਰੀਬ ਪਰਿਵਾਰਾਂ ਦੇ ਦੁੱਖ ਤਕਲੀਫ ਨੂੰ ਸਮਝਦੇ ਹੋਏ ਇਸ ਦੇ ਬਾਰੇ ਧਿਆਨ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਜਿਹੜੀ ਮੈਂਬਰ ਦੀ ਚਿੰਤਾ ਹੈ ਅਸੀਂ ਇਸ ਦੇ ਨਾਲ ਸਹਿਮਤ ਹਾਂ, ਇਹ ਬਹੁਤ ਜ਼ਰੂਰੀ ਹੈ। ਅਸੀਂ ਪੰਜਾਬ ਸਰਕਾਰ ਵੱਲੋਂ ਵਿੱਤ ਵਿਭਾਗ ਨੂੰ ਦੋ ਵਾਰੀ ਕੇਸ ਬਣਾ ਕੇ, ਤਜਵੀਜ਼ ਬਣਾ ਕੇ ਭੇਜਿਆ ਸੀ ਪਰ ਉਨ੍ਹਾਂ ਨੇ ਸਮਰਥਾ ਨਹੀਂ ਪ੍ਰਗਟਾਈ ਉਹ ਕੀਤਾ ਨਹੀਂ। ਫਿਰ ਵੀ ਕੋਸ਼ਿਸ਼ ਕਰਾਂਗੇ ਕਿ ਦੁਬਾਰਾ ਤਜਵੀਜ਼ ਬਣਾ ਕੇ ਭੇਜੀਏ ਤੇ ਮੈਂ ਸੀ.ਐਮ. ਸਾਹਿਬ ਨੂੰ ਵੀ ਮਿਲ ਕੇ ਬੇਨਤੀ ਕਰ ਲਵਾਂਗਾ ਕਿ ਜਿਹੜੀ ਇਨ੍ਹਾਂ ਦੀ ਬੇਨਤੀ ਹੈ ਜੇ ਉਸ ਦੀ ਸਾਨੂੰ ਪ੍ਰਵਾਨਗੀ ਮਿਲ ਗਈ ਤਾਂ ਅਸੀਂ ਇਸ ਉਤੇ ਜ਼ਰੂਰ ਗੌਰ ਕਰਦੇ ਰਹਾਂਗੇ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਚਲੋ, ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ :** ਹਾਂ ਜੀ, ਅਗਲਾ ਸਵਾਲ, ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਜੀ।

------

## ਤਹਿਸੀਲ ਗੜ੍ਹਸ਼ੰਕਰ ਵਿੱਚ ਪਸ਼ੂ ਡਿਸਪੈਂਸਰੀ ਸਥਾਪਿਤ ਕਰਨਾ

***577. ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਪਸ਼ੂ ਪਾਲਣ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਤਹਿਸੀਲ ਗੜ੍ਹਸ਼ੰਕਰ ਵਿੱਚ ਪੈਂਦੇ ਪਿੰਡ ਰਾਮਪੁਰ ਬਿਰੜੋਂ ਦੀ ਪੰਚਾਇਤ ਨੇ ਮਤਾ ਪਾਸ ਕਰਕੇ ਪਿੰਡ ਵਿੱਚ ਇੱਕ ਪਸ਼ੂ ਡਿਸਪੈਂਸਰੀ ਸਥਾਪਿਤ ਕਰਨ ਲਈ 4 ਕਨਾਲ ਜ਼ਮੀਨ ਸਰਕਾਰ ਨੂੰ ਦਿੱਤੀ ਹੈ, ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵੱਲੋਂ ਇਸ ਪਿੰਡ ਵਿੱਚ ਪਸ਼ੂ ਡਿਸਪੈਂਸਰੀ ਸਥਾਪਿਤ ਕਰਨ ਲਈ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ?

**ਸਰਦਾਰ ਗੁਲਜਾਰ ਸਿੰਘ ਰਣੀਕੇ :** ਗ੍ਰਾਮ ਪੰਚਾਇਤ ਪਿੰਡ ਬਿਰੜੋਂ ਤਹਿਸੀਲ ਗੜ੍ਹਸ਼ੰਕਰ ਵੱਲੋਂ ਪਿੰਡ ਵਿੱਚ ਪਸ਼ੂ ਡਿਸਪੈਂਸਰੀ ਖੋਲ੍ਹਣ ਲਈ ਮਤਾ ਵਿਭਾਗ ਨੂੰ ਪ੍ਰਾਪਤ ਹੋਇਆ ਸੀ। ਪਰੰਤੂ ਪਿੰਡ ਬਿਰੜੋਂ, ਸਰਕਾਰ ਦੁਆਰਾ ਪਸ਼ੂ ਡਿਸਪੈਂਸਰੀ ਖੋਲ੍ਹਣ ਲਈ ਨਿਰਧਾਰਤ ਮਾਪਦੰਡ ਪੂਰੇ ਨਹੀਂ ਕਰਦਾ ਹੈ।

**ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਿਰੜੋਂ ਸਾਡੇ ਇਲਾਕੇ ਦਾ ਵੱਡਾ ਨਗਰ ਹੈ, ਉਥੇ ਛੋਟੇ ਕਿਸਾਨ ਤੇ ਬਹੁਤੇ ਲੋਕ ਡੇਅਰੀ ਫਾਰਮਿੰਗ ਦਾ ਧੰਦਾ ਕਰਦੇ ਹਨ। ਬਿਰੜੋਂ ਨਗਰ ਦੇ ਨਾਲ ਕੋਈ 15 ਤੋਂ 20 ਪਿੰਡ ਜਿਹੜੇ ਹਨ ਉਹ ਕਾਫੀ ਲੰਮੇ ਸਮੇਂ ਤੋਂ ਪਸ਼ੂ ਡਿਸਪੈਂਸਰੀ ਦੀ ਮੰਗ ਕਰ ਰਹੇ ਹਨ। ਇਸ ਕਰਕੇ ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਲਾਕੇ ਦੀ ਮੰਗ ਨੂੰ ਮੁੱਖ ਰੱਖਦਿਆਂ ਇਹ ਪਸ਼ੂ

ਡਿਸਪੈਂਸਰੀ ਦਿੱਤੀ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਦੱਸਿਆ ਹੈ ਕਿ ਉਥੇ ਪਸ਼ੂ ਡਿਸਪੈਂਸਰੀ ਖੋਲ੍ਹਣ ਲਈ 15 ਪਿੰਡਾਂ ਦੀ ਮੰਗ ਹੈ। ਅਸੀਂ ਉਥੇ ਡਿਪਟੀ ਡਾਇਰੈਕਟਰ ਦੀ ਡਿਊਟੀ ਲਗਾ ਦਿੰਦੇ ਹਾਂ ਕਿ ਜੇ ਉਥੇ ਆਰਜ਼ੀ ਤੌਰ ਤੇ ਉਥੇ ਕੋਈ ਡਾਕਟਰ ਨਹੀਂ ਹੈ ਤਾਂ ਨੇੜਿਉਂ ਕਿਸੇ ਪਿੰਡ ਤੋਂ ਦੋ ਤਿੰਨ ਦਿਨਾਂ ਲਈ ਕਿਸੇ ਡਾਕਟਰ ਦੀ ਡਿਊਟੀ ਲਗਾ ਦਿਆਂਗੇ। ਉਸ ਤੋਂ ਬਾਅਦ ਜਦੋਂ ਸਾਡੀ ਕੋਈ ਤਜਵੀਜ਼ ਨਵੀਂ ਆਉਂਦੀ ਹੈ ਤਾਂ ਇਸ ਨੂੰ ਪਹਿਲ ਦੇ ਅਧਾਰ ਤੇ ਵਿਚਾਰ ਲਵਾਂਗੇ।

**ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਧੰਨਵਾਦ ਜੀ।

-------

## ਨਿਸ਼ਾਨ ਵਾਲਾ ਪ੍ਰਸ਼ਨ ਨੰ : 862

(ਸਬੰਧਤ ਮਾਨਯੋਗ ਮੈਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-------

## ਨਿਸ਼ਾਨ ਵਾਲਾ ਪ੍ਰਸ਼ਨ ਨੰ : 572*

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਂਸਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

-------

## ਜ਼ਿਲ੍ਹਾ ਹੁਸ਼ਿਆਰਪੁਰ ਵਿਚ ਨਵੇਂ ਡੂੰਘੇ ਟਿਊਬਵੈੱਲ ਲਗਾਉਣਾ

***574. ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਸਿੰਚਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਡੀ ਏਰੀਏ ਵਿੱਚ ਜਿਹੜੇ ਡੂੰਘੇ ਟਿਊਬਵੈੱਲ ਕਾਫੀ ਸਮੇਂ ਤੋਂ ਰੀਡੰਡੈਂਟ ਐਲਾਨੇ ਜਾ ਚੁੱਕੇ ਹਨ ਉਨ੍ਹਾਂ ਦੀ ਥਾਂ ਤੇ ਨਵੇਂ ਡੂੰਘੇ ਟਿਊਬਵੈੱਲ ਕਦੋਂ ਤੱਕ ਲਗਾ ਦਿੱਤੇ ਜਾਣਗੇ ਅਤੇ ਜਿਹੜੇ ਡੂੰਘੇ ਟਿਊਬਵੈੱਲ ਕਾਫੀ ਸਮੇਂ ਤੋਂ ਖਰਾਬ ਪਏ ਹਨ, ਉਨ੍ਹਾਂ ਨੂੰ ਕਦੋਂ ਤੱਕ ਠੀਕ ਕਰਕੇ ਚਾਲੂ ਕਰਵਾ ਦਿੱਤਾ ਜਾਵੇਗਾ?

**ਸਰਦਾਰ ਜਨਮੇਜਾ ਸਿੰਘ ਸੇਖੋਂ:** ਰੀਡੰਡੈਂਟ ਐਲਾਨੇ ਜਾ ਚੁਕੇ ਟਿਊਬਵੈੱਲਾਂ ਦੀ ਜਗ੍ਹਾ 100 ਹੋਰ ਬਦਲਵੇਂ ਡੂੰਘੇ ਟਿਊਬਵੈੱਲ ਲਗਾਉਣ ਦਾ ਪ੍ਰੋਜੈਕਟ ਅਨੁਮਾਨ ਤਿਆਰ ਕੀਤਾ ਗਿਆ ਹੈ। ਜਿਸ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਡੀ ਖੇਤਰ ਦੇ 47 ਰੀਡੰਡੈਂਟ ਹੋ

* For Starred Question no. 572 and reply thereto please see Appendix to this Debates.

[ ਸਿੰਚਾਈ ਮੰਤਰੀ ]

ਗਏ ਟਿਊਬਵੈੱਲਾਂ ਦੀ ਥਾਂ ਬਦਲਵੇਂ ਟਿਊਬਵੈੱਲ ਪਾ ਲਏ ਗਏ ਹਨ। ਇਸ ਪ੍ਰੋਜੈਕਟ ਦੇ ਵਿੱਤੀ ਸਾਲ 2013-14 ਦੌਰਾਨ ਮਨਜੂਰੀ ਉਪਰੰਤ ਕੰਮ ਸ਼ੁਰੂ ਕਰਨ ਦੀ ਤਜਵੀਜ਼ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਪਹਿਲਾਂ ਹੀ ਪਛਾਣੇ ਹੋਏ ਜ਼ਿਲ੍ਹਾ ਹੁਸ਼ਿਆਰਪੁਰ ਦੇ 48 ਰੀਡੰਡੈਂਟ ਟਿਊਬਵੈੱਲਾਂ ਦੀ ਥਾਂ ਨਵੇਂ ਬਦਲਵੇਂ ਟਿਊਬਵੈੱਲ ਇਸ ਵੇਲੇ ਨਾਬਾਰਡ ਤੋਂ 280 ਟਿਊਬਵੈੱਲਾਂ ਦੀ ਮਨਜੂਰ ਸਕੀਮ ਅਧੀਨ ਲੱਗ ਰਹੇ ਹਨ।ਇਨ੍ਹਾਂ ਸੰਬਧੀ ਜਾਣਕਾਰੀ ਅਨੁਲੱਗ 'ੳ' ਅਤੇ 'ੲ' ਉਤੇ ਹੈ। ਕਾਰਪੋਰੇਸ਼ਨ ਵੱਲੋਂ ਚਲਾਏ ਜਾ ਰਹੇ ਟਿਊਬਵੈੱਲ ਸਮੇਂ-ਸਮੇਂ ਸਿਰ ਖਾਰਬ ਹੋਣ ਉਪਰੰਤ 7-10 ਦਿਨ ਅੰਦਰ-ਅੰਦਰ ਠੀਕ ਕਰਕੇ ਚਾਲੂ ਕਰ ਦਿੱਤੇ ਹਨ। ਜੇਕਰ ਕੋਈ ਟਿਊਬਵੈੱਲ ਲੰਮੇ ਸਮੇਂ ਤੋਂ ਖਰਾਬ ਹੈ ਤਾਂ ਉਹ ਰੀਡੰਡੈਂਟ ਹੀ ਹੈ।

## ਅਨੁਲੱਗ 'ੳ'

ABSTRACT REPORT OF BREAKDOWN/REPAIRED/BALANCE TUBEWELLS MONTH ENDING

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| **MONTH** | **HTC** | | | **CTC** | | | **TOTAL** | | |
| | **BREAKDOWN** | **REPAIRED** | **BALANCE** | **BREAKDOWN** | **REPAIRED** | **BALANCE** | **BREAKDOWN** | **REPAIRED** | **BALANCE** |
| 6/12 | 89 | 60 | 29 | 89 | 47 | 42 | 178 | 107 | 71 |
| 7/12 | 90 | 67 | 23 | 86 | 68 | 18 | 176 | 135 | 41 |
| 8/12 | 78 | 51 | 27 | 47 | 34 | 13 | 125 | 85 | 40 |
| 9/12 | 45 | 30 | 15 | 66 | 46 | 20 | 111 | 76 | 35 |
| 10/12 | 33 | 12 | 21 | 56 | 35 | 21 | 89 | 47 | 42 |
| 11/12 | 62 | 48 | 14 | 51 | 35 | 16 | 113 | 83 | 30 |
| 12/12 | 28 | 19 | 9 | 28 | 20 | 8 | 56 | 39 | 17 |
| 01/13 | 27 | 18 | 9 | 24 | 6 | 18 | 51 | 24 | 27 |
| 02/13 | 17 | 8 | 9 | 27 | 9 | 18 | 44 | 17 | 27 |

HTC - ਹੁਸ਼ਿਆਰਪੁਰ ਟਿਊਬਵੈਲ ਸਰਕਲ

CTC - ਚੰਡੀਗੜ੍ਹ ਟਿਊਬਵੈਲ ਸਰਕਲ

## ਅਨੁਲੱਗ - ਅ

| ਮਿਤੀ | | ਐਚ.ਟੀ.ਸੀ. ਹੁਸ਼ਿਆਰਪੁਰ | | | | | | | | | | |
|---|---|---|---|---|---|---|---|---|---|---|---|---|
| | | ਮੰਡਲ ਦਾ ਨਾਂ | | | | | | | | | | |
| ਤੋਂ | ਤੱਕ | ਸੰਚਾਲਨ ਤੇ ਸੰਭਾਲ ਮੰਡਲ, ਹੁਸ਼ਿਆਰਪੁਰ | | ਉਸਾਰੀ ਮੰਡਲ ਲ/ਫ ਹੁਸ਼ਿਆਰਪੁਰ | | ਟਿਊਬਵੈੱਲ ਮੰਡਲ, ਪਠਾਨਕੋਟ | | ਟਿਊਬਵੈੱਲ ਮੰਡਲ, ਜਲੰਧਰ | | ਐਚ.ਟੀ.ਸੀ. ਦੇ | | |
| | | ਖਰਾਬ ਹੋਏ | ਠੀਕ ਕੀਤੇ | ਖਰਾਬ ਹੋਏ | ਠੀਕ ਕੀਤੇ | ਖਰਾਬ ਹੋਏ | ਠੀਕ ਕੀਤੇ | ਖਰਾਬ ਹੋਏ | ਠੀਕ ਕੀਤੇ | ਕੁੱਲ ਖਰਾਬ | ਕੁੱਲ ਠੀਕ ਕੀਤੇ | ਬਾਕੀ ਖਰਾਬ ਰਹਿ ਗਏ |
| *1* | *2* | *3* | *4* | *5* | *6* | *7* | *8* | *9* | *10* | *11* | *12* | *13* |
| 01.01.13 | 10.01.13 | 10 | 6 | | | 9 | 5 | | | **19** | **11** | **8** |
| 11.01.13 | 20.01.13 | 13 | 5 | 13 | 6 | 8 | 5 | 1 | 0 | **35** | **16** | **19** |
| 20.01.13 | 31.01.13 | 13 | 7 | 5 | 4 | 7 | 6 | 2 | 1 | **27** | **18** | **9** |
| 01.02.13 | 20.02.13 | 15 | 7 | 9 | 6 | 2 | 0 | 2 | 1 | **28** | **14** | **14** |
| 11.02.13 | 20.02.13 | 10 | 5 | 12 | 11 | 3 | 0 | 1 | 1 | **26** | **17** | **9** |
| 21.02.13 | 28.02.13 | 10 | 6 | 3 | 2 | 3 | 0 | 1 | 0 | **17** | **8** | **9** |

## ਅਨੁਲੱਗ - ਅ

| ਮਿਤੀ | | ਐਚ.ਟੀ.ਸੀ. ਹੁਸ਼ਿਆਰਪੁਰ | | | | | | | | | | | | | |
|---|---|---|---|---|---|---|---|---|---|---|---|---|---|---|---|
| | | ਮੰਡਲ ਦਾ ਨਾਂ | | | | | | | | | | | | | |
| ਤੋਂ | ਤੱਕ | ਸੰਚਾਲਨ ਅਤੇ ਸੰਭਾਲ ਮੰਡਲ, ਮੋਹਾਲੀ | | ਟਿਊਬਵੈੱਲ ਸੰਭਾਲ ਮੰਡਲ ਰੋਪੜ | | ਟਿਊਬਵੈੱਲ ਉਸਾਰੀ ਮੰਡਲ, ਮਲੇਰਕੋਟਲਾ | | ਟਿਊਬਵੈੱਲ | | **ਐਚ.ਟੀ.ਸੀ. ਦੇ** | | | **ਕੁੱਲ** | | |
| | | ਖਰਾਬ ਹੋਏ | ਠੀਕ ਕੀਤੇ | ਖਰਾਬ ਹੋਏ | ਠੀਕ ਕੀਤੇ | ਖਰਾਬ ਹੋਏ | ਠੀਕ ਕੀਤੇ | ਖਰਾਬ ਹੋਏ | ਠੀਕ ਕੀਤੇ | ਕੁੱਲ ਖਰਾਬ ਹੋਏ | ਕੁੱਲ ਠੀਕ ਕੀਤੇ | ਬਾਕੀ ਖਰਾਬ ਰਹਿ ਗਏ | ਖਰਾਬ ਹੋਏ | ਠੀਕ ਕੀਤੇ | ਬਾਕੀ ਖਰਾਬ ਰਹਿ ਗਏ |
| | | *14* | *15* | *16* | *17* | *18* | *19* | *20* | *21* | *22* | *23* | *24* | *25* | *26* | *27* |
| 01.01.13 | 10.01.13 | 6 | 3 | 0 | 0 | 12 | 3 | 4 | 3 | **22** | **9** | **13** | **41** | **20** | **21** |
| 11.01.13 | 20.01.13 | 6 | 2 | 0 | 0 | 11 | 4 | 3 | 2 | **20** | **8** | **12** | **55** | **24** | **31** |
| 21.01.13 | 31.01.13 | 9 | 2 | 0 | 0 | 12 | 4 | 3 | 0 | **24** | **6** | **18** | **51** | **24** | **27** |
| 01.02.13 | 20.02.13 | 11 | 4 | 0 | 0 | 11 | 7 | 5 | 3 | **27** | **14** | **13** | **55** | **28** | **27** |
| 11.02.13 | 20.02.13 | 7 | 2 | 0 | 0 | 9 | 2 | 3 | 1 | **19** | **5** | **14** | **45** | **22** | **23** |
| 21.02.13 | 28.02.13 | 13 | 5 | 0 | 0 | 11 | 4 | 3 | 0 | **27** | **9** | **18** | **44** | **17** | **27** |

[ ਸਿੰਚਾਈ ਮੰਤਰੀ ]

## ਅਨੁਲੱਗ–'ੲ'

PERFORMA

| Sr. No. | Breakdown Period | Name of Division | | | |
|---|---|---|---|---|---|
| | | OPM Division, Hoshiarpur | TCD/LF, Division, Hoshiarpur | Tubewell Division, Pathankot | Tubewell Division, Jalandhar |
| 1. | >1 month | Nil | Nil | 01 | Nil |
| 2. | >2 month | Nil | Nil | Nil | Nil |
| 3. | >3 month | Nil | Nil | Nil | Nil |
| 4. | >4 month | Nil | Nil | Nil | Nil |
| 5. | >5 month | Nil | Nil | Nil | Nil |
| 6. | >6 month | Nil | Nil | Nil | Nil |
| 7. | >7 month | Nil | Nil | Nil | Nil |
| 8. | >8 month | Nil | Nil | Nil | Nil |
| 9. | >9 month | Nil | Nil | Nil | Nil |
| 10. | >10 month | Nil | Nil | Nil | Nil |
| 11. | >11 month | Nil | Nil | Nil | Nil |
| 12. | >12 month | Nil | Nil | Nil | Nil |

Sd/-
Superintending Engineer,
Hoshiarpur Tubewell Circle,
Hoshiarpur

Note: 1. > This sign means "Greater than"

2. Fill number of tubewells corresponding to each division against the period of breakdown.

-------

**ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਗੁਜ਼ਾਰਿਸ਼ ਕਰਦਾ ਹਾਂ ਕਿ ਗੜ੍ਹਸ਼ੰਕਰ ਵਿੱਚ ਬੀਤ ਦਾ ਇਲਾਕਾ, ਕੰਢੀ ਦਾ ਇਲਾਕਾ, ਜਿੱਥੇ ਬਹੁਤ ਜ਼ਿਆਦਾ ਡੂੰਘੇ ਟਿਊਬਵੈੱਲ ਲੱਗਦੇ ਹਨ। ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਬੀਤ ਇਲਾਕੇ ਵਿੱਚ 14 ਟਿਊਬਵੈੱਲ ਮਨਜ਼ੂਰ ਕੀਤੇ ਸਨ, ਜਿਨ੍ਹਾਂ ਵਿਚੋਂ 8 ਟਿਊਬਵੈੱਲ ਲੱਗ ਚੁੱਕੇ ਹਨ ਅਤੇ 6 ਟਿਊਬਵੈੱਲ ਲੱਗਣੇ ਬਾਕੀ ਹਨ। ਇਸੇ ਤਰ੍ਹਾਂ ਕੰਢੀ ਏਰੀਏ ਵਿੱਚ 10 ਟਿਊਬਵੈੱਲ ਮਨਜ਼ੂਰ ਕੀਤੇ ਗਏ ਸਨ, ਉਨ੍ਹਾਂ ਵਿਚੋਂ 6 ਟਿਊਬਵੈੱਲ ਲੱਗ ਚੁੱਕੇ ਹਨ ਅਤੇ 4 ਲੱਗਣੇ ਬਾਕੀ ਹਨ। ਜਿਹੜੇ ਅਬੰਨਡਨਡ ਟਿਊਬਵੈੱਲ ਹਨ ਉਹ ਕੋਈ 2 ਸਾਲ ਤੋਂ, ਕੋਈ 4 ਸਾਲ ਤੋਂ ਅਤੇ ਕੋਈ 5 ਸਾਲ ਤੋਂ ਬੰਦ ਪਏ ਹਨ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਟਿਊਬਵੈੱਲ ਅਬੰਨਡਨਡ ਹੋ ਚੁੱਕੇ ਹਨ ਉਨ੍ਹਾਂ ਦੀ ਥਾਂ ਨਵੇਂ ਟਿਊਬਵੈੱਲ ਲਗਾ ਕੇ ਉਹ ਕਦੋਂ ਤੱਕ ਚਾਲੂ ਕਰ ਦਿੱਤੇ ਜਾਣਗੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਆਪਣੇ ਜਵਾਬ ਵਿੱਚ ਦੱਸ ਦਿੱਤਾ ਹੈ ਕਿ ਸਾਲ 2013-14 ਵਿੱਚ ਇਹ ਕੰਮ ਕੰਪਲੀਟ ਕਰ ਦਿੱਤਾ ਜਾਵੇਗਾ।

**ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਧੰਨਵਾਦ ਜੀ।

------

## ਨਿਸ਼ਾਨ ਵਾਲੇ ਪ੍ਰਸ਼ਨ ਨੰ : 734 ਅਤੇ 735

(ਸਬੰਧਤ ਮਾਨਯੋਗ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ)

------

## ਜ਼ਿਲ੍ਹਾ ਪ੍ਰੀਸ਼ਦਾਂ ਅਧੀਨ ਰੱਖੇ ਗਏ ਈ.ਟੀ.ਟੀ. ਅਧਿਆਪਕਾਂ ਨੂੰ ਤਰੱਕੀ ਦੇਣਾ

***673. ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਪ੍ਰੀਸ਼ਦਾਂ ਅਧੀਨ ਰੱਖੇ ਗਏ ਕਰੀਬ 13000 ਈ.ਟੀ.ਟੀ. ਅਧਿਆਪਕਾਂ ਨੂੰ ਸਿੱਖਿਆ ਵਿਭਾਗ ਦੀ ਤਰਜ਼ ਦੇ ਤਰੱਕੀ ਦੇਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਸੁਰਜੀਤ ਸਿੰਘ ਰੱਖੜਾ :** ਸ਼੍ਰੀਮਾਨ ਜੀ, ਹਾਂ ਜੀ, ਵਿਚਾਰ ਅਧੀਨ ਹੈ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ। ਇਹ ਬਹੁਤ ਅਹਿਮ ਮੁੱਦਾ ਸੀ ਜਿਸ ਨਾਲ 13,000 ਟੀਚਰ ਜੁੜੇ ਹੋਏ ਸੀ, ਜਿਨ੍ਹਾਂ ਦੀ ਐਜੂਕੇਸ਼ਨ ਡਿਪਾਰਟਮੈਂਟ ਵਿੱਚ ਭਰਤੀ ਹੋਣ ਦੇ ਬਾਵਜੂਦ ਵੀ ਕੋਈ ਤਰੱਕੀ ਨਹੀਂ ਹੋ ਰਹੀ ਸੀ। ਇਨ੍ਹਾਂ ਦੀ ਸਾਲ 2006 ਦੀ ਭਰਤੀ ਸੀ। ਸੋ, ਇਹ ਈ.ਟੀ.ਟੀ. ਟੀਚਰ ਜਿਹੜੇ ਜ਼ਿਲ੍ਹਾ ਪ੍ਰੀਸ਼ਦਾਂ ਅਧੀਨ ਰੱਖੇ ਗਏ ਸਨ, ਇਨ੍ਹਾਂ ਸੰਬਧੀ ਜੋ ਮਾਨਯੋਗ ਮੰਤਰੀ

[ ਸਰਦਾਰ ਇਕਬਾਲ ਸਿੰਘ ਝੂੰਦਾਂ ]

ਜੀ ਨੇ ਜਵਾਬ ਦਿੱਤਾ ਹੈ ਕਿ ਉਨ੍ਹਾਂ ਲਈ ਜਲਦੀ ਹੀ ਉਸ ਪੈਟਰਨ ਤੇ ਤਰੱਕੀ ਦੇਣ ਦਾ ਸਿਸਟਮ ਸ਼ੁਰੂ ਕਰ ਦਿੱਤਾ ਜਾਵੇਗਾ, ਇਸ ਲਈ ਮੈਂ ਇਨ੍ਹਾਂ ਦਾ ਤਹਿ ਦਿੱਲੋਂ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਜਨਤਕ ਮਸਲੇ ਸਬੰਧੀ ਸਹੀ ਢੰਗ ਨਾਲ ਵਿਚਾਰ ਕੇ ਫੈਸਲਾ ਲਿਆ ਹੈ। ਬਹੁਤ ਬਹੁਤ ਧੰਨਵਾਦ।

------

## ਨਿਸ਼ਾਨ ਵਾਲੇ ਪ੍ਰਸ਼ਨ ਨੰ : 731 ਅਤੇ 732

(ਸਬੰਧਤ ਮਾਨਯੋਗ ਮੈਂਬਰ ਸਾਹਿਬਾਨ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀ ਹੋਏ।)

------

## ਗੁਰਦੁਆਰਾ ਸਾਹਿਬ ਆਲਮਗੀਰ ਤੱਕ ਲਾਈਟਾਂ ਦੇ ਪ੍ਰਬੰਧ ਬਾਰੇ

***553. ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਲੁਧਿਆਣਾ-ਮਲੇਰਕੋਟਲਾ ਰੋਡ ਤੇ ਗੁਰਦੁਆਰਾ ਸਾਹਿਬ ਆਲਮਗੀਰ ਤੱਕ ਲਾਈਟਾਂ ਕਦੋਂ ਲਗਾਈਆਂ ਗਈਆਂ ਸਨ ਅਤੇ ਕਦੋਂ ਤੱਕ ਫੰਕਸ਼ਨਲ ਹੋਣਗੀਆਂ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸ਼੍ਰੀਮਾਨ ਜੀ, ਲੁਧਿਆਣਾ-ਮਲੇਰਕੋਟਲਾ ਸੜਕ ਤੇ ਗੁਰਦੁਆਰਾ ਸਾਹਿਬ ਆਲਮਗੀਰ ਨੇੜੇ ਕਿਲੋਮੀਟਰ 9.560 ਤੋਂ ਕਿਲੋਮੀਟਰ 11.440 ਤੱਕ ਲਾਈਟਾਂ ਜੂਨ, 2011 ਵਿੱਚ ਲਗਾਈਆਂ ਸਨ। ਇਹ ਲਾਈਟਾਂ ਰੱਖ-ਰਖਾਅ ਅਤੇ ਬਿਜਲੀ ਉਤੇ ਆਉਣ ਵਾਲੇ ਖਰਚਿਆਂ ਦੀ ਅਦਾਇਗੀ ਕਰਨ ਲਈ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਦੇ ਪਿੰਡਾਂ ਦੀਆਂ ਪੰਚਾਇਤਾਂ ਨਾਲ ਇਕਰਾਰਨਾਮਾ ਕਰਨ ਉਪਰੰਤ ਚਾਲੂ ਕੀਤੀਆਂ ਜਾਣਗੀਆਂ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਧਰਤੀ ਇਤਿਹਾਸਕ ਗੁਰਦੁਆਰਾ ਆਲਮਗੀਰ ਸਾਹਿਬ ਵਿਖੇ ਜਿਹੜੀਆਂ ਲਾਈਟਾਂ ਲਗਾਈਆਂ ਗਈਆਂ ਸਨ, ਉਹ ਹਾਲੇ ਤੱਕ ਚਾਲੂ ਨਹੀਂ ਹੋਈਆਂ। ਇਸ ਦੇ ਨਾਲ ਹੀ ਗੁਰੂ ਘਰ ਤੱਕ ਲਾਈਟਾਂ ਲਗਾਉਣ ਦਾ ਜਿਹੜਾ ਕੰਮ ਹੈ, ਇਹ ਕਦੋਂ ਤੱਕ ਪੂਰਾ ਹੋ ਜਾਵੇਗਾ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਲਾਈਟਾਂ ਦਾ ਕੰਮ ਬਿਲਕੁਲ ਮੁਕੰਮਲ ਹੋ ਚੁੱਕਿਆ ਹੈ। ਇਨ੍ਹਾਂ ਲਾਈਟਾਂ ਨੂੰ ਜੈਨਰੇਟਰ ਸੈੱਟ ਨਾਲ ਚਲਾ ਕੇ ਚੈੱਕ ਕੀਤਾ ਗਿਆ ਹੈ। ਇਨ੍ਹਾਂ ਲਾਈਟਾਂ ਦੇ ਰੱਖ-ਰਖਾਅ ਅਤੇ ਬਿਜਲੀ ਦਾ ਖਰਚਾ ਲਗਭੱਗ 6 ਲੱਖ ਰੁਪਏ ਸਲਾਨਾ ਹੋਵੇਗਾ। ਸ਼ਹਿਰੀ ਇਲਾਕਿਆਂ ਵਿੱਚ ਆਮ ਤੌਰ ਤੇ ਇਸ ਤਰ੍ਹਾਂ ਦਾ ਰੱਖ-ਰਖਾਅ ਅਤੇ ਬਿਜਲੀ ਦਾ ਖਰਚ ਮਿਉਂਸਿਪਲ ਕਾਰਪੋਰੇਸ਼ਨ ਜਾਂ ਨਗਰ ਕੌਂਸਲ ਵੱਲੋਂ ਕੀਤਾ ਜਾਂਦਾ ਹੈ। ਪਰੰਤੂ ਗੁਰਦੁਆਰਾ ਆਲਮਗੀਰ ਸਾਹਿਬ ਨੇੜੇ ਲੱਗੀਆਂ ਲਾਈਟਾਂ ਲੁਧਿਆਣਾ ਮਿਉਂਸਿਪਲ ਕਾਰਪੋਰੇਸ਼ਨ ਦੇ ਖੇਤਰ ਤੋਂ ਬਾਹਰ ਹਨ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਧੰਨਵਾਦ ਜੀ,

**ਮਾਨਯੋਗ ਸਪੀਕਰ :** ਹਾਂ ਜੀ ਅਗਲਾ ਸਵਾਲ

-------

## ਲੁਧਿਆਣਾ ਸ਼ਹਿਰ ਵਿੱਚ ਸੜਕਾਂ ਦੀ ਮੁਰੰਮਤ

***558. ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਲੁਧਿਆਣਾ ਮਿਉਂਸਿਪਲ ਕਾਰਪੋਰੇਸ਼ਨ ਦੀ ਵਾਰਡ ਨੰ : 58 ਵਿੱਚ ਪੈਂਦੇ ਰਾਜ ਗੁਰੂ ਨਗਰ ਦੀਆਂ ਸੜਕਾਂ ਦੀ ਪਹਿਲਾਂ ਮੁਰੰਮਤ ਕਦੋਂ ਕਰਵਾਈ ਗਈ ਸੀ ਅਤੇ ਕੀ ਇਨ੍ਹਾਂ ਦੀ ਖਸਤਾ ਹਾਲਤ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਨ੍ਹਾਂ ਦੀ ਮੁਰੰਮਤ ਕਰਾਉਣ ਲਈ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਚੂਨੀ ਲਾਲ ਭਗਤ :** ਨਗਰ ਸੁਧਾਰ ਟਰੱਸਟ, ਲੁਧਿਆਣਾ ਤੋਂ ਪ੍ਰਾਪਤ ਹੋਈ ਸੂਚਨਾ ਅਨੁਸਾਰ ਰਾਜਗੁਰੂ ਨਗਰ ਦੀਆਂ ਸੜਕਾਂ ਆਖਰੀ ਵਾਰ ਸਾਲ, 2008 ਵਿੱਚ ਬਣਾਈਆਂ ਗਈਆਂ ਸਨ। ਹੁਣ ਵਿਕਾਸ ਸਕੀਮ ਰਾਜਗੁਰੂ ਨਗਰ ਸਮੇਤ ਟਰੱਸਟ ਦੀਆਂ 4 ਵਿਕਾਸ ਸਕੀਮਾਂ ਸਾਂਭ-ਸੰਭਾਲ ਲਈ ਪੰਜਾਬ ਟਾਊਨ ਇੰਪਰੂਵਮੈਂਟ ਐਕਟ 1922 ਦੀ ਧਾਰਾ 55 ਤਹਿਤ ਨਗਰ ਨਿਗਮ, ਲਧਿਆਣਾ ਨੂੰ ਸੌਂਪਣ ਸਬੰਧੀ ਕਾਰਵਾਈ ਚਲ ਰਹੀ ਹੈ ਅਤੇ ਹਾਲ ਦੀ ਘੜੀ ਇਨ੍ਹਾਂ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਹ ਸਕੀਮਾਂ ਟਰਾਂਸਫਰ ਕਰਨ ਦੀ ਗੱਲ ਕਰ ਰਹੇ ਹਨ, ਇਹ ਅੱਜ ਤੋਂ 10 ਸਾਲ ਪਹਿਲਾਂ ਦੀਆਂ ਗੱਲਾਂ ਹਨ ਕਿ ਇਹ ਜੋ ਸਕੀਮਾਂ ਹਨ, ਰਾਜਗੁਰੂ ਨਗਰ ਤੇ ਭਗਤ ਸਿੰਘ ਨਗਰ, ਨਗਰ ਨਿਗਮ ਨੂੰ ਟਰਾਂਸਫਰ ਕਰਨਾ ਹੈ, ਟਰੱਸਟ ਵੱਲੋਂ ਰਾਜਗੁਰੂ ਨਗਰ ਦੇ ਪਿਛਲੇ ਦੋ ਸਾਲਾਂ ਤੋਂ ਐਸਟੀਮੇਟ ਪਾਸ ਹੋ ਚੁੱਕੇ ਹਨ। ਲੇਕਿਨ ਕੰਮ ਸ਼ੁਰੂ ਨਹੀਂ ਹੋਇਆ। 90% ਸੜਕਾਂ ਟੁੱਟੀਆਂ ਪਈਆਂ ਹਨ। ਜਦੋਂ ਸਕੀਮ ਟਰਾਂਸਫਰ ਹੋਵੇਗੀ ਤਾਂ ਇਹ ਨਾਲ ਹੋ ਜਾਣਗੀਆਂ ਪਰ ਉਨੀ ਦੇਰ ਤੱਕ ਇਹ ਸੜਕਾਂ ਤਾਂ ਬਣਾ ਦੇਣ। ਉਹ ਸਾਰਾ ਲੁਧਿਆਣੇ ਦਾ ਪੌਸ਼ ਏਰੀਆ ਹੈ, ਉਥੇ 90% ਸੜਕਾਂ ਦੇ ਵਿੱਚ ਟੋਏ ਪਏ ਹੋਏ ਹਨ। ਉਸ ਦਾ ਐਸਟੀਮੇਟ ਵੀ ਟਰੱਸਟ ਪਾਸ ਕਰ ਚੁੱਕਿਆ ਹੈ ਜੀ।

**ਮਾਨਯੋਗ ਸਪੀਕਰ :** ਭਗਤ ਜੀ, ਵੈਸੇ ਇਹ ਸੜਕਾਂ ਤਾਂ ਕਾਫ਼ੀ ਇੰਪਾਰਟੈਂਟ ਹਨ।

**ਮੰਤਰੀ :** ਸਪੀਕਰ ਸਾਹਿਬ, ਮੈ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਸੜਕਾਂ ਇਨ੍ਹਾਂ ਨੇ ਲਿਖੀਆਂ ਹਨ, ਇਹ ਸੜਕਾਂ ਬਹੁਤ ਜਲਦੀ ਬਣਾ ਦਿੱਤੀਆਂ ਜਾਣਗੀਆਂ ਜੀ।

**ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਧੰਨਵਾਦ ਜੀ

------

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 858

(ਸਬੰਧਤ ਮਾਨਯੋਗ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-------

## ਪਿੰਡ ਨਾਗੋਕੇ ਦਾ ਵਿਕਾਸ ਕਰਨਾ

***631. ਸਰਦਾਰ ਮਨਜੀਤ ਸਿੰਘ ਮੀਆਂਵਿੰਡ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਫੇਰੂਮਾਨ ਦੀ ਤਰਜ਼ ਤੇ ਇਸੇ ਜ਼ਿਲ੍ਹੇ ਦੇ ਪਿੰਡ ਨਾਗੋਕੇ ਦਾ ਵਿਸ਼ੇਸ਼ ਵਿਕਾਸ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਸੁਰਜੀਤ ਸਿੰਘ ਰੱਖੜਾ :** ਸ਼੍ਰੀਮਾਨ ਜੀ, ਨਹੀਂ ਜੀ। ਸਪੀਕਰ ਸਾਹਿਬ, ਮੈਂ ਇਸ ਦੇ ਨਾਲ ਹੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਮੈਂਬਰ ਸਾਹਿਬ ਨੇ ਫੇਰੂਮਾਨ ਦੀ ਤਰਜ਼ ਤੇ ਪਿੰਡ ਨਾਗੋਕੇ ਦਾ ਵਿਸ਼ੇਸ਼ ਵਿਕਾਸ ਕਰਨ ਸਬੰਧੀ ਗੱਲ ਕੀਤੀ ਹੈ, ਉਸ ਸਬੰਧੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਪਿੰਡ ਦਾ ਕਿਸੇ ਹੋਰ ਪਿੰਡ ਨਾਲ ਮੁਕਾਬਲਾ ਤਾਂ ਨਹੀਂ ਕੀਤਾ ਜਾ ਸਕਦਾ। ਅਸੀਂ ਡਿਵੈਲਪਮੈਂਟ ਸਾਰੀ ਜਗ੍ਹਾ ਕਰਵਾ ਰਹੇ ਹਾਂ। ਜਿਹੜਾ ਸਵਾਲ ਹੈ, ਇਸ ਵਿੱਚ ਦਰਸਾਏ ਮੁਤਾਬਿਕ ਮੁਕਾਬਲਾ ਨਹੀਂ ਕੀਤਾ ਜਾ ਸਕਦਾ।

**ਸਰਦਾਰ ਮਨਜੀਤ ਸਿੰਘ ਮੀਆਂਵਿੰਡ :** ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੀ ਸਾਲ 2002 ਤੋਂ 2007 ਤੱਕ ਦੀ ਸਰਕਾਰ ਸੀ, ਉਨ੍ਹਾਂ ਨੇ ਜਿਵੇਂ ਕਿ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ, ਸ਼ਾਮ ਸਿੰਘ ਅਟਾਰੀ ਦੇ ਇਹੋ ਜਿਹੇ ਇਤਿਹਾਸਕ ਪਿੰਡ ਸਾਡੇ ਜ਼ਿਲ੍ਹੇ ਵਿੱਚ ਸੀ, ਇਨ੍ਹਾਂ ਦੀ ਸਾਰੀ ਟੋਟਲ ਡਿਵੈਲਪਮੈਂਟ ਉਸ ਸਰਕਾਰ ਵੱਲੋਂ ਕਰਵਾਈ ਗਈ ਸੀ। ਉਸ ਤਰਜ਼ ਉਤੇ ਮੈਂ ਚਾਹੁੰਦਾ ਹਾਂ ਕਿ ਜਿਹੜਾ ਸਾਡੇ ਨਾਗੋਕੇ ਪਿੰਡ ਹੈ, ਇਥੇ ਗਿਆਨੀ ਕਰਤਾਰ ਸਿੰਘ ਜੀ, ਜਥੇਦਾਰ ਮੋਹਨ ਸਿੰਘ ਜੀ, ਜਥੇਦਾਰ ਊਧਮ ਸਿੰਘ ਜੀ, ਇਹ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਹੇ ਹਨ ਅਤੇ ਮੈਂਬਰ ਪਾਰਲੀਮੈਂਟ ਰਹੇ ਹਨ। ਉਥੋਂ ਦੇ ਹੋਰ ਵੀ ਬੜੇ ਜਥੇਦਾਰ ਹੋਏ ਹਨ। ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਉਸ ਤਰਜ਼ ਤੇ ਇਹ ਇਸ ਪਿੰਡ ਦੀ ਡਿਵੈੱਲਪਮੈਂਟ ਕਰਵਾਉਣਗੇ?

**ਮਾਨਯੋਗ ਸਪੀਕਰ :** ਤੁਸੀਂ ਸਪੈਸ਼ਲ ਰੈਫਰੈਂਸ ਕਰ ਦਿਉ।

**ਮੰਤਰੀ :** ਸਪੀਕਰ ਸਾਹਿਬ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਜੋ ਹੈ, ਅਸੀਂ ਇਹ ਅਧੀਨ ਤਕਰੀਬਨ ਸਮੁੱਚੇ ਪਿੰਡਾਂ ਦੀਆਂ ਸਕੀਮਾਂ ਚਲਾ ਰਹੇ ਹਾਂ। ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਮੇਰਾ ਖਿਆਲ ਹੈ ਕਿ ਕੋਈ ਇਕ ਪਿੰਡ ਛੱਡਿਆ ਨਹੀਂ ਜਿੱਥੇ ਡਿਵੈੱਲਪਮੈਂਟ ਲਈ ਫੰਡ ਨਾ ਦਿੱਤੇ ਹੋਣ। ਕਾਫ਼ੀ ਕੰਮ ਕਰਵਾਇਆ ਹੈ। ਇਸ ਪਿੰਡ ਲਈ 35.70 ਲੱਖ ਰੁਪਿਆ ਪਿਛਲੇ ਪੰਜ ਸਾਲਾਂ ਵਿੱਚ ਦਿੱਤਾ ਹੈ। ਅੱਗੇ ਵੀ ਸਾਡੇ ਸਕੀਮ ਬਣਾ ਕੇ ਡੀ.ਸੀ.

ਸਾਹਿਬ ਤੇ ਏ.ਡੀ.ਸੀ. ਸਾਹਿਬ ਭੇਜਦੇ ਹਨ। ਜੋ ਵੀ ਇਨ੍ਹਾਂ ਨੇ ਕੰਮ ਕਰਵਾਉਣਾ ਹੈ, ਇਹ ਉਨ੍ਹਾਂ ਤੋਂ ਸਕੀਮ ਬਣਵਾ ਕੇ ਭੇਜ ਦੇਣ। ਜੋ ਕੰਮ ਇਹ ਕਹਿਣਗੇ, ਉਹ ਕਰਵਾ ਦਿਆਂਗੇ

**ਸਰਦਾਰ ਮਨਜੀਤ ਸਿੰਘ ਮੀਆਂਵਿੰਡ :** ਧੰਨਵਾਦ ਜੀ।

**ਮਾਨਯੋਗ ਸਪੀਕਰ :** ਹਾਂ ਜੀ ਅਗਲਾ ਸਵਾਲ।

------

## ਜ਼ਿਲ੍ਹਾ ਅੰਮ੍ਰਿਤਸਰ ਦੇ ਸ਼ਹਿਰ ਰਈਆ ਕੋਲੋਂ ਲੰਘਦੀ ਨਹਿਰ ਦੀ ਦੁਬਾਰਾ ਖੁਦਾਈ ਕਰਵਾਉਣਾ

***633. ਸਰਦਾਰ ਮਨਜੀਤ ਸਿੰਘ ਮੀਆਂਵਿੰਡ :** ਕੀ ਸਿੰਜਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਸੱਚ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪੈਂਦੇ ਸ਼ਹਿਰ ਰੱਈਆ ਕੋਲੋਂ ਲੰਘਦੀ ਨਹਿਰ ਦੀ ਖੁਦਾਈ ਪਹਿਲਾਂ ਵੀ ਕਰਵਾਈ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਵਿੱਚ ਗਾਰ ਅਤੇ ਕਾਈ ਆਦਿ ਜਮ੍ਹਾਂ ਹੋਣ ਦੇ ਮੱਦੇ ਨਜ਼ਰ ਇਸ ਦੀ ਦੁਬਾਰਾ ਖੁਦਾਈ ਕਦੋਂ ਤੱਕ ਕਰਵਾਏ ਜਾਣ ਦੀ ਸੰਭਾਵਨਾਂ ਹੈ;

(ਅ) ਕੀ ਇਹ ਵੀ ਸੱਚ ਹੈ ਕਿ ਭਿੰਡਰ ਰਜਬਾਹੇ ਦੀ ਸਫਾਈ ਵੀ ਪਹਿਲਾਂ ਕਰਵਾਈ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਵਿੱਚ ਗਾਰ ਅਤੇ ਕਾਈ ਆਦਿ ਜਮ੍ਹਾਂ ਹੋਣ ਦੇ ਮੱਦੇ ਨਜ਼ਰ ਇਸ ਦੀ ਦੁਬਾਰਾ ਸਫਾਈ ਕਦੋਂ ਤੱਕ ਕਰਵਾਏ ਜਾਣ ਦੀ ਸੰਭਾਵਨਾ ਹੈ?

**ਸਰਦਾਰ ਜਨਮੇਜਾ ਸਿੰਘ ਸੇਖੋਂ :** (ੳ) ਨਹੀਂ ਜੀ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪੈਂਦੇ ਸ਼ਹਿਰ ਰੱਈਆ ਕੋਲੋਂ ਲੰਘਦੀ ਨਹਿਰ (ਸਭਰਾਉ ਬਰਾਂਚ) ਲਗਭਗ ਪਿਛਲੇ 10 ਸਾਲਾਂ ਤੋਂ ਸਫਾਈ ਨਹੀਂ ਕਰਵਾਈ ਗਈ। ਅਜੇ ਤੱਕ ਇਸ ਵਿੱਚੋਂ ਗਾਰ ਅਤੇ ਬੂਟੀ ਸਾਫ ਕਰਵਾਉਣ ਦੀ ਕੋਈ ਤਜਵੀਜ਼ ਨਹੀਂ ਹੈ।

(ਅ) ਹਾਂ ਜੀ, ਭਿੰਡਰ ਰਜਬਾਹੇ ਦੀ ਸਫਾਈ ਸਾਲ 2009 ਵਿੱਚ ਕਰਵਾਈ ਗਈ ਸੀ। ਇਸ ਵਿਚੋਂ ਗਾਰ/ਬੂਟੀ ਸਾਫ ਕਰਵਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਦੀ ਸਫਾਈ ਲਈ ਸਰਕਾਰ ਤੋਂ ਫੰਡ ਮੰਗੇ ਹਨ, ਫੰਡ ਉਪਲਬਧ ਹੋਣ ਤੇ ਇਸ ਦੀ ਸਫਾਈ ਕਰਵਾ ਦਿੱਤੀ ਜਾਵੇਗੀ।

**ਸਰਦਾਰ ਮਨਜੀਤ ਸਿੰਘ ਮੀਆਂਵਿੰਡ :** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਆਪ ਹੀ ਮੰਨਿਆ ਹੈ ਕਿ 10 ਸਾਲ ਹੋ ਗਏ ਹਨ, ਨਹਿਰ ਦੀ ਸਫਾਈ ਨਹੀਂ ਕਰਵਾਈ ਗਈ। ਮੈਂ ਤੁਹਾਡੇ ਰਾਹੀ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਫਾਈ ਕਿਉਂ ਨਹੀਂ ਕਰਵਾਈ ਗਈ? ਇਸ ਨੂੰ 10 ਸਾਲ ਹੋ ਗਏ ਹਨ, ਉਸ ਨਹਿਰ ਦੀ ਸਫਾਈ ਕਿਉਂ ਨਹੀਂ ਕਰਵਾਈ ਗਈ। ਇਸ ਦੇ ਕੀ ਕਾਰਨ ਹਨ?

**ਮਾਨਯੋਗ ਸਪੀਕਰ :** ਹਾਂ ਜੀ, ਸੇਖੋਂ ਸਾਹਿਬ।

**ਮੰਤਰੀ :** ਸਪੀਕਰ ਸਾਹਿਬ, ਜਿਹੜੀਆਂ ਨਹਿਰਾਂ ਪੁਟਾਈ ਵਿਚ ਹਨ, ਅਸੀਂ ਉਨ੍ਹਾਂ ਦੀ ਸਫਾਈ ਨਹੀਂ ਕਰਵਾਉਂਦੇ ਜਿਸ ਤਰ੍ਹਾਂ ਸਰਹਿੰਦ ਕਨਾਲ ਹੈ, ਅਸੀਂ ਇਸ ਦੀ ਵੀ ਸਫਾਈ ਨਹੀਂ ਕਰਵਾਉਂਦੇ ਕਿਉਂਕਿ ਇਹ ਆਪਣੀ ਕਪੈਸਿਟੀ ਦੇ ਮੁਤਾਬਿਕ ਪਾਣੀ ਲੈ ਰਹੀ ਹੈ ਇਸ ਤਰ੍ਹਾਂ ਇਸ ਦੀ ਸਫਾਈ ਕਰਵਾਉਣ ਦੀ ਕੋਈ ਲੋੜ ਨਹੀਂ ਹੈ।

**ਸਰਦਾਰ ਮਨਜੀਤ ਸਿੰਘ ਮੀਆਂਵਿੰਡ:** ਸਪੀਕਰ ਸਾਹਿਬ, ਉਥੇ ਨਹਿਰਾਂ ਦੇ ਉਤੇ ਇੰਨੀ ਬੂਟੀ ਹੋ ਗਈ ਹੈ ਅਤੇ ਉਥੇ ਇੰਨੀਆਂ ਰੋਜ਼ ਘਟਨਾਵਾਂ ਵਾਪਰ ਰਹੀਆਂ ਹਨ, ਕਦੇ ਕੋਈ ਚੋਰੀ ਹੋ ਗਈ, ਕਦੇ ਕਿਸੇ ਦੀ ਚੈਨੀ ਲਾਹ ਲਈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਚੀਜ਼ ਨੂੰ ਮੁੱਖ ਰੱਖਦੇ ਹੋਏ, ਇਸ ਨਹਿਰ ਦੀ ਸਫਾਈ ਕਰਵਾਉਣਗੇ?

**ਮਾਨਯੋਗ ਸਪੀਕਰ :** ਚੋਰੀਆਂ ਨਾਲ ਨਹਿਰ ਦਾ ਕੀ ਸਬੰਧ ਹੈ?

**ਸਰਦਾਰ ਮਨਜੀਤ ਸਿੰਘ ਮੀਆਂਵਿੰਡ :** ਸਪੀਕਰ ਸਾਹਿਬ, ਉਥੇ ਨਹਿਰ ਦੇ ਕੰਢਿਆਂ ਤੇ ਇੰਨੀ ਬੂਟੀ ਹੋਈ ਪਈ ਹੈ। ਨਹਿਰ ਦੇ ਵਿਚ ਵੀ ਅਤੇ ਬਾਹਰ ਵੀ ਇੰਨੀ ਬੂਟੀ ਹੈ।

**ਮਾਨਯੋਗ ਸਪੀਕਰ :** ਤੁਹਾਡਾ ਮਤਲਬ ਹੈ ਕਿ ਨਹਿਰ ਵਿਚੋਂ ਪਾਣੀ ਦੀ ਲੀਕੇਜ ਹੁੰਦੀ ਹੈ।

**ਸਰਦਾਰ ਮਨਜੀਤ ਸਿੰਘ ਮੀਆਂਵਿੰਡ :** ਸਰ, ਪਾਣੀ ਵੀ ਨਹੀਂ ਜਾਂਦਾ ਅਤੇ ਵਿਚ ਵੀ ਬੂਟੀ ਹੈ, ਗਾਰ ਹੈ, ਬਾਹਰ ਬੰਨਿਆਂ ਤੇ ਵੀ ਇੰਨੀਆਂ ਝਾੜੀਆਂ ਹਨ ਕਿ ਜਿਹੜੀਆਂ ਉਥੇ ਘਟਨਾਵਾਂ ਵਾਪਰਦੀਆਂ ਹਨ। ਨਹਿਰ ਦਾ ਪਾਣੀ ਉਥੇ ਤੱਕ ਤਾਂ ਪਹੁੰਚਦਾ ਨਹੀਂ ਸੀ।

**ਮਾਨਯੋਗ ਸਪੀਕਰ :** ਹਾਂ ਜੀ, ਸੇਖੋਂ ਸਾਹਿਬ ਦੱਸੋ ਜੀ।

**ਮੰਤਰੀ :** ਸਪੀਕਰ ਸਾਹਿਬ, 1883 ਕਿਊਸਿਕ ਪਾਣੀ ਇਸ ਨਹਿਰ ਦੀ ਕਪੈਸਿਟੀ ਹੈ ਔਰ ਨਹਿਰ ਆਪਣੀ ਕਪੈਸਿਟੀ ਦੇ ਮੁਤਾਬਿਕ ਪਾਣੀ ਲੈ ਰਹੀ ਹੈ ਅਤੇ ਇਹ ਨਹਿਰ ਜ਼ਮੀਨ ਤੋਂ 2.40 ਫੁੱਟ ਨੀਵੀਂ ਚਲ ਰਹੀ ਹੈ।

**ਮਾਨਯੋਗ ਸਪੀਕਰ :** ਇਹ ਤਾਂ ਹੋਰ ਕੁਝ ਕਹਿੰਦੇ ਹਨ ਕਿ ਉਸ ਨਹਿਰ ਤੇ ਘਾਹ ਫੂਸ ਬਹੁਤ ਹੈ। ਬੂਟੀ ਬਹੁਤ ਹੈ।

**ਸਰਦਾਰ ਮਨਜੀਤ ਸਿੰਘ ਮੀਆਂਵਿੰਡ :** ਸਰ, ਨਹਿਰ ਦਾ ਟੇਲ ਤੇ ਪਾਣੀ ਨਹੀਂ ਪਹੁੰਚਦਾ, ਇਹ ਪਤਾ ਨਹੀਂ ਕਿਵੇਂ ਕਹੀ ਜਾਂਦੇ ਹਨ, ਅਸੀਂ ਤਾਂ ਹਲਕੇ ਵਿਚ ਰਹਿੰਦੇ ਹਾਂ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੋਈ ਵਿਸ਼ਵਾਸ ਦਿਵਾਉਣ ਕਿ ਨਹਿਰ ਦੀ ਸਫਾਈ ਕਰਵਾਉਣਗੇ ਜਾਂ ਨਹੀਂ?

**ਮਾਨਯੋਗ ਸਪੀਕਰ :** ਉਹ ਕਹਿੰਦੇ ਹਨ ਕਿ ਨਹਿਰ ਕਪੈਸਿਟੀ ਦੇ ਮੁਤਾਬਿਕ ਪਾਣੀ ਲੈ ਰਹੀ ਹੈ। ਇਸ ਕਰਕੇ ਸਫਾਈ ਦੀ ਲੋੜ ਨਹੀਂ।

**ਸਰਦਾਰ ਮਨਜੀਤ ਸਿੰਘ ਮੀਆਂਵਿੰਡ :** ਸਰ, ਉਥੇ ਪੰਚਾਇਤਾਂ ਆਉਂਦੀਆਂ ਹਨ, ਰੋਜ਼ ਆ ਕੇ ਲੋਕ ਕਹਿੰਦੇ ਹਨ ਕਿ ਉਸ ਦਾ ਪਾਣੀ ਨਹੀਂ ਪਹੁੰਚਦਾ ਜੀ।

**ਮਾਨਯੋਗ ਸਪੀਕਰ :** ਹਾਂ ਜੀ, ਮੰਤਰੀ ਸਾਹਿਬ।

**ਮੰਤਰੀ :** ਸਪੀਕਰ ਸਾਹਿਬ, ਇਸ ਵਿਚ ਜਿਹੜੇ ਰਜਬਾਹੇ ਨਿਕਲਦੇ ਹਨ ਉਨ੍ਹਾਂ ਦੀ ਸਫਾਈ ਹੋਣ ਵਾਲੀ ਹੈ ਉਹ ਅਸੀਂ ਕਰਵਾ ਦਿਆਂਗੇ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰ : 851***

(ਸਬੰਧਤ ਮਾਨਯੋਗ ਮੈਂਬਰ ਸਾਹਿਬ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

------

**ਨਿਸ਼ਾਨ ਵਾਲਾ ਪ੍ਰਸ਼ਨ ਨੰ : 782***

**ਮਾਨਯੋਗ ਸਪੀਕਰ :** ਇਸ ਸਵਾਲ ਦੀ ਐਕਸਟੈਂਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰ : 848**

(ਸਬੰਧਤ ਮਾਨਯੋਗ ਮੈਂਬਰ ਸਾਹਿਬ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

------

**ਨਿਸ਼ਾਨ ਵਾਲਾ ਪ੍ਰਸ਼ਨ ਨੰ : 859****

**ਮਾਨਯੋਗ ਸਪੀਕਰ :** ਇਸ ਸਵਾਲ ਦੀ ਐਕਸਟੈਂਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

------

## ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਹਕੂਮਤ ਸਿੰਘ ਵਾਲਾ ਦੇ ਟਰੱਸਟ ਵੱਲੋਂ ਜ਼ਮੀਨ ਦਾਨ ਕਰਨ ਸਬੰਧੀ

***641. ਸਰਦਾਰ ਜੋਗਿੰਦਰ ਸਿੰਘ ਜਿੰਦੂ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਸੱਚ ਹੈ ਕਿ ਸਾਲ 1997 ਵਿਚ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਹਕੂਮਤ ਸਿੰਘ

* For Starred Question No. 782 and reply thereto, please see Appendix to this Debates.

** For Starred Question No. 859 reply thereto, please see Appendix to this Debates.

[ ਸਰਦਾਰ ਜੋਗਿੰਦਰ ਸਿੰਘ ਜਿੰਦੂ ]

ਵਾਲਾ ਦੇ ਮਹਿੰਗਾ ਸਿੰਘ ਟਰਸੱਟ ਨੇ ਸਰਕਾਰ ਨੂੰ ਵਿਦਿਅਕ ਅਦਾਰੇ ਸਥਾਪਿਤ ਕਰਨ ਲਈ 22 ਏਕੜ ਤੋਂ ਵੱਧ ਜ਼ਮੀਨ ਦਾਨ ਵਜੋਂ ਦਿੱਤੀ ਸੀ।

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਇਸ ਜ਼ਮੀਨ ਵਿੱਚ ਇੱਕ ਪਬਲਿਕ ਸਕੂਲ, ਖੋਲ੍ਹਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤਾ ਜਾਵੇਗਾ?

**ਸਰਦਾਰ ਪਰਕਾਸ਼ ਸਿੰਘ ਬਾਦਲ :** (ੳ) ਜੀ ਹਾਂ।

(ਅ) ਇਸ ਜਗ੍ਹਾ ਤੇ ਤਾਲੀਮ, ਸਕਿੱਲ ਡਿਵੈੱਲਪਮੈਂਟ ਸੈਂਟਰ ਜਾਂ C-PYTE ਜਾਂ ਹੋਰ ਵਿੱਦਿਅਕ ਅਦਾਰੇ ਖੋਲ੍ਹਣ ਬਾਰੇ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਵਿਭਾਗ ਵੱਲੋਂ ਇਸ ਨੂੰ ਫੌਰੀ ਤੌਰ ਤੇ ਅਮਲ ਵਿੱਚ ਲਿਆਉਣ ਹਿੱਤ ਲੋੜੀਂਦੇ ਉਪਰਾਲੇ ਕੀਤੇ ਜਾ ਰਹੇ ਹਨ।

**ਸਰਦਾਰ ਜੋਗਿੰਦਰ ਸਿੰਘ ਜਿੰਦੂ :** ਸਪੀਕਰ ਸਾਹਿਬ, ਮੈਨੂੰ ਮੇਰੇ ਸਵਾਲ ਦਾ ਲਿਖਤੀ ਜਵਾਬ ਮਿਲ ਗਿਆ ਹੈ, ਮੇਰਾ ਜਿਹੜਾ ਸਵਾਲ ਸੀ ਉਸ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ)

**ਮਾਨਯੋਗ ਸਪੀਕਰ :** ਪ੍ਰਸ਼ਨ ਖਤਮ ਹੁੰਦੇ ਹਨ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

**ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਸਪੀਕਰ ਸਾਹਿਬ, ਮੈਂ ਇਕ ਗੱਲ ਰੇਜ਼ ਕਰਨੀ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਅੱਜ ਹੋ ਨਹੀਂ ਸਕਦੀ ਜਿਸ ਦਿਨ ਵਿੱਤ ਮੰਤਰੀ ਬਜਟ ਪੇਸ਼ ਕਰਦਾ ਹੈ, ਉਸ ਦਿਨ ਆਪਾਂ ਹੋਰ ਕੋਈ ਬਿਜ਼ਨਸ ਨਹੀਂ ਲੈਂਦੇ। ਮੈਂ ਸਮਝਦਾਂ ਹਾਂ ਕਿ ਆਪਾਂ ਕਦੇ ਇਸ ਤਰ੍ਹਾਂ ਬਿਜ਼ਨਸ ਲਿਆ ਨਹੀਂ।

------

## PRESENTATION OF THE BUDGET ESTIMATES FOR THE YEAR 2013-14

**ਮਾਨਯੋਗ ਸਪੀਕਰ :** ਹੁਣ ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਵਿੱਤ ਮੰਤਰੀ ਸਾਲ 2013-14 ਦਾ ਬਜਟ ਅਨੁਮਾਨ ਪੇਸ਼ ਕਰਨਗੇ। (ਥੰਪਿੰਗ)

**ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਮਾਨਯੋਗ ਸਪੀਕਰ ਸਾਹਿਬ ਮੈਂ ਸਾਲ 2013-14 ਦਾ ਬਜਟ ਪੇਸ਼ ਕਰਨ ਲਈ ਆਪ ਜੀ ਦੇ ਸਨਮੁੱਖ ਖੜ੍ਹਾ ਹੋਇਆ ਹਾਂ।

1. ਮੇਰੀ ਇਹ ਖੁਸ਼ਕਿਸਮਤੀ ਸੀ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ

ਪਾਰਟੀ ਦੀ ਮੁੜ ਚੁਣੀ ਗਈ ਸਰਕਾਰ ਦਾ ਸਾਲ 2012-13 ਦਾ ਪਹਿਲਾ ਬਜਟ ਪੇਸ਼ ਕਰਨ ਦਾ ਸੁਭਾਗਾ ਮੌਕਾ ਮੈਨੂੰ ਮਿਲਿਆ ਸੀ। ਪਿਛਲੇ ਸਾਲ ਦਾ ਬਜਟ ਪੇਸ਼ ਕਰਦਿਆਂ ਮੈਂ ਕੁਝ ਵਾਅਦੇ ਕੀਤੇ ਸਨ। ਸਾਡੀ ਸਰਕਾਰ ਵੱਲੋਂ ਉਨ੍ਹਾਂ ਵਿਚੋਂ ਬਹੁਤ ਸਾਰੇ ਵਾਅਦੇ ਪੂਰੇ ਕੀਤੇ ਜਾ ਚੁੱਕੇ ਹਨ ਅਤੇ ਰਹਿੰਦਿਆਂ ਉਪਰ ਵੀ ਅਮਲ ਜਾਰੀ ਹੋ ਚੁੱਕਾ ਹੈ। ਮੈਂ ਇਕੱਲੇ ਇਕੱਲੇ ਵਿਭਾਗ ਦੀਆਂ ਬਜਟ ਤਜਵੀਜ਼ਾਂ ਪੇਸ਼ ਕਰਦਿਆਂ ਉਨ੍ਹਾਂ ਸਬੰਧੀ ਵਿਸਤਾਰ ਪੇਸ਼ ਕਰਾਂਗਾ।

ਸਾਡੀ ਸਰਕਾਰ ਨੇ ਪੰਜਾਬ ਦਾ ਜਿਸ ਤਰ੍ਹਾਂ ਦਾ ਭਵਿੱਖ ਕਲਪਿਆ ਸੀ, ਹੁਣ ਮੈਂ ਉਸ ਦੀ ਰੂਪ-ਰੇਖਾ ਪੇਸ਼ ਕਰਨ ਜਾ ਰਿਹਾ ਹਾਂ ਅਤੇ ਇਸ ਵਿੱਚ ਮੈਨੂੰ ਅੱਗੇ ਆਉਣ ਵਾਲੀਆਂ ਚੁਣੌਤੀਆਂ ਦਾ ਵੀ ਪੂਰਾ ਅਹਿਸਾਸ ਹੈ। ਇਹ ਬਜਟ ਸਿਰਫ ਸਰਕਾਰ ਦੇ ਲੇਖੇ ਹੀ ਪੇਸ਼ ਨਹੀਂ ਕਰਦਾ ਬਲਕਿ ਇਹ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਇਸ ਅਜ਼ੀਮ ਸਦਨ ਵਿੱਚ ਕੁਝ ਦਿਨ ਪਹਿਲਾਂ ਜਿਸ ਨਵੇਂ ਪੰਜਾਬ ਬਾਰੇ ਜਿਕਰ ਕੀਤਾ ਸੀ ਉਸ ਸੁਪਨੇ ਨੂੰ ਸਾਕਾਰ ਕਰਨ ਦਾ ਦਿਸ਼ਾ ਮਾਰਗ ਹੈ।

ਸਾਡੀ ਸਰਕਾਰ ਪੰਜਾਬ ਨੂੰ ਕਾਲੇ ਦਿਨਾਂ ਵਿੱਚੋਂ ਕਢਣ ਵਿਚ ਸਫਲ ਰਹੀ ਹੈ ਅਤੇ ਪੰਜਾਬ ਹੁਣ ਆਰਥਿਕ ਖੁਸ਼ਹਾਲੀ ਵੱਲ ਵਧੇਗਾ। ਇਹ ਰਸਤਾ ਆਸਾਨ ਨਹੀਂ ਹੈ ਬਲਕਿ ਚੁਣੌਤੀਆਂ ਭਰਿਆ ਹੈ ਅਸੀਂ ਵੱਡੇ ਟੀਚੇ ਮਿੱਥੇ ਹਨ। ਸਾਡੇ ਟੀਚੇ ਵੱਡੇ ਹਨ ਅਤੇ ਸਾਡਾ ਤਰੀਕਾ ਪੱਕਾ ਅਤੇ ਵਿਸ਼ਵਾਸ ਦ੍ਰਿੜ ਹੈ। ਮੈਨੂੰ ਇਸ ਵਿੱਚ ਗੁਰੂਆਂ ਪੀਰਾਂ ਦੀ ਇਸ ਧਰਤੀ ਦੇ ਲੋਕਾਂ ਦੇ ਪੂਰੇ ਸਹਿਯੋਗ ਦੀ ਪੂਰਣ ਆਸ ਹੈ।

ਇਹ ਬਜਟ, ਵਿਸ਼ਵ ਪੱਧਰ ਦੇ ਬੁਨੀਆਦੀ ਢਾਂਚੇ ਜਿਸ ਵਿੱਚ ਅੰਤਰਰਾਸ਼ਟਰੀ ਕਨੈਕਟੀਵਿਟੀ, ਚਾਰ ਲੇਨ ਅਤੇ ਛੇ ਲੇਨ ਦੇ ਸੁਪਰ ਐਕਸਪਰੈਸ ਹਾਈਵੇਜ਼ ਅਤੇ ਰਹਿਣ ਸਹਣ ਦੀਆਂ ਅਜੋਕੀਆਂ ਸਹੂਲਤਾਂ ਸ਼ਾਮਿਲ ਹਨ ਵਾਲੇ ਪੰਜਾਬ ਦਾ ਬਿਲ ਪੇਸ਼ ਕਰਦਾ ਹੈ। ਇਹ ਬਜਟ ਸਾਡੀ ਕਮਜ਼ੋਰ ਤੋਂ ਕਮਜ਼ੋਰ ਅਤੇ ਗਰੀਬ ਤੋਂ ਗਰੀਬ ਲੋਕਾਂ ਦੀ ਭਲਾਈ ਬਾਰੇ ਪ੍ਰਤੀਬੱਧਤਾ ਦਰਸਾਉਂਦਾ ਹੈ। ਅਸੀਂ ਆਪਣੇ ਉਦਮੀ ਨੌਜਵਾਨਾਂ ਦਾ ਭਵਿੱਖ ਉਲੀਕਿਆ ਹੈ ਅਤੇ ਉਨ੍ਹਾਂ ਦੀ ਰੋਜ਼ਗਾਰ ਯੋਗਤਾ ਅਤੇ ਰਚਨਾਤਮਕ ਉਰਜਾ ਨੂੰ ਖੇਡਾਂ ਵਰਗੇ ਵੇਂਚਰਾਂ ਵੱਲ ਮੋੜਨ ਦਾ ਯਤਨ ਕੀਤਾ ਹੈ। ਅਸੀਂ ਰਾਜ ਨੂੰ ਭਿਆਨਕ ਕੁਰੀਤੀਆਂ ਜਿਵੇਂ ਕਿ ਨਸ਼ਾ ਆਦਿ ਨੂੰ ਖਤਮ ਕਰਣ ਲਈ ਆਪਣੇ ਨੌਜਵਾਨਾਂ ਲਈ ਵਿਕਲਪ ਪੈਦਾ ਕਰਨ ਦੀ ਕੋਸ਼ਿਸ਼ ਵਿੱਚ ਹਾਂ।

2. ਮੈਂ, ਬਹੁਤ ਹੀ ਮੁਸ਼ਕਿਲ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਆਰਥਿਕ ਪਰਿਸਥਿਤੀਆਂ ਦੇ ਚਲਦੇ ਇਸ ਸਰਕਾਰ ਦਾ ਦੂਸਰਾ ਬਜਟ ਪੇਸ਼ ਕਰ ਰਿਹਾ ਹਾਂ। ਪਿਛਲੇ ਦੋ ਸਾਲਾਂ ਦੌਰਾਨ ਆਰਥਿਕਤਾ ਦੀ ਗਤੀ ਬਹੁਤ ਹੀ ਧੀਮੀ ਹੋ ਗਈ ਹੈ। ਗਿਆਰਵੀਂ ਯੋਜਨਾ ਦੇ ਪਹਿਲੇ ਤਿੰਨ ਸਾਲਾਂ ਦੌਰਾਨ ਕੌਮੀ ਪੱਧਰ ਤੇ ਵਿਕਾਸ ਦਰ ਸਾਲ 2007-08 ਵਿਚ 9.32 ਫ਼ੀਸਦ, 2008-09 ਵਿੱਚ 6.72 ਫ਼ੀਸਦ ਅਤੇ 2009-10 ਵਿੱਚ 8.59 ਫ਼ੀਸਦ ਸੀ। ਸਾਲ 2011-12 ਵਿੱਚ ਇਹ ਘਟ ਕੇ 6.2

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਫ਼ੀਸਦ ਰਹਿ ਗਈ ਸੀ ਅਤੇ 2012-13 ਵਿਚ 5 ਫ਼ੀਸਦ ਤੋਂ ਹੋਰ ਹੇਠਾਂ ਆ ਜਾਣ ਦੀ ਸੰਭਾਵਨਾ ਹੈ। ਇਸੇ ਸਮੇਂ ਤੇ ਆਰਥਿਕਤਾ ਨੂੰ ਕੁਝ ਮੁਦਰਾ-ਸਫੀਤੀ ਸਬੰਧੀ ਰੁਝਾਨਾਂ ਨੇ ਘੇਰ ਲਿਆ ਹੈ। ਅੰਤਰ-ਰਾਸ਼ਟਰੀ ਪ੍ਰਸਥਿਤੀਆਂ ਵੀ ਕਿਸੇ ਵਧੀਆ ਹਾਲਤ ਵਿੱਚ ਨਹੀਂ ਹਨ। ਯੂਰੋ-ਜੋਨ ਵੀ ਕਰਜ਼ ਸਮੱਸਿਆ ਤੋਂ ਪੀੜਤ ਹੈ ਅਤੇ ਉਸ ਦੇ ਅਰਥਚਾਰਿਆਂ ਵਿਚ ਵੀ ਨਿਘਾਰ ਆ ਰਿਹਾ ਹੈ। ਅਮਰੀਕਾ ਵਰਗੇ ਮੁਲਕ ਵਿੱਚ ਵੀ ਮਾਲੀ ਨੀਤੀ ਬਾਰੇ ਅਨਿਸ਼ਚਿਤਤਾਵਾਂ ਹਨ। ਦੂਸਰੇ ਦੋ ਵੱਡੇ ਏਸ਼ੀਆਈ ਮੁਲਕਾਂ ਅਰਥਾਤ ਚੀਨ ਅਤੇ ਜਾਪਾਨ ਦੀ ਸਥਿਤੀ ਵੀ ਕੋਈ ਵਧੇਰੇ ਵਧੀਆ ਨਹੀਂ ਹੈ।

3. ਇਨ੍ਹਾਂ ਸਾਰੇ ਕਾਰਣਾਂ ਨੇ ਕੌਮੀ ਪੱਧਰ ਦੇ ਮਾਲੀ-ਪ੍ਰਵਾਹ ਦੀ ਖੜੋਤ ਵਿੱਚ ਵਾਧਾ ਕੀਤਾ ਹੈ। ਰਾਜ ਨੂੰ ਕੇਂਦਰੀ ਸਰਕਾਰ ਵੱਲੋਂ ਮਿਲਦੇ ਸਹਿਯੋਗ ਵਿੱਚ ਵੀ ਕੋਈ ਵਾਧਾ ਨਹੀਂ ਹੋਇਆ। ਇਨ੍ਹਾਂ ਔਕੜਾਂ ਦੇ ਬਾਵਜੂਦ ਪੰਜਾਬ ਰਾਜ ਮਾਨਯੋਗ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਪ੍ਰੌੜ੍ਹ ਅਗਵਾਈ, ਮਾਨਯੋਗ ਉਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਦੀ ਕ੍ਰਮਸ਼ੀਲਤਾ ਅਤੇ ਰਾਜ ਦੇ ਲੋਕਾਂ ਦੇ ਹੌਂਸਲੇ ਸਦਕਾ ਹੀ-ਸਲਾਮਤ ਉਭਰ ਕੇ ਸਾਹਮਣੇ ਆਇਆ ਹੈ ਅਤੇ ਸਾਲ 2012-13 ਵਿਚ 5.19 ਫ਼ੀਸਦ ਦੇ ਆਰਥਿਕ ਵਿਕਾਸ ਨੂੰ ਵੀ ਪ੍ਰਾਪਤ ਕੀਤਾ ਹੈ।

ਸ਼੍ਰੀਮਾਨ ਸਪੀਕਰ ਸਾਹਿਬ ਮੈਂ ਹੁਣ ਰਾਜ ਦੇ ਆਰਥਿਕ ਤੇ ਮਾਲੀ ਮਾਪਦੰਡਾਂ ਬਾਰੇ ਵੇਰਵੇ ਸਹਿਤ ਵਿਚਾਰ ਲਈ ਆਪ ਜੀ ਦੀ ਇਜਾਜ਼ਤ ਚਾਹਾਂਗਾ।

**ਅਰਥਚਾਰਾ**

4. ਗਿਆਰਵੀਂ ਯੋਜਨਾ ਦੇ ਸਮੇਂ ਦੌਰਾਨ ਰਾਜ ਨੂੰ ਆਰਥਿਕ ਵਿਕਾਸ ਲਈ 5.9 ਫ਼ੀਸਦ ਦਾ ਟੀਚਾ ਦਿੱਤਾ ਗਿਆ ਸੀ। ਮੈਨੂੰ ਇਸ ਅਜ਼ੀਮ ਸਦਨ ਨੂੰ ਦੱਸਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਰਾਜ ਨੇ ਗਿਆਰਵੀਂ ਯੋਜਨਾ ਦੇ ਦੌਰਾਨ 6.73 ਫ਼ੀਸਦ ਦੀ ਔਸਤ ਵਿਕਾਸ ਦਰ ਨੂੰ ਪ੍ਰਾਪਤ ਕੀਤਾ ਹੈ। (ਥੰਪਿੰਗ) ਸਾਲ 2012-13 ਦੇ ਦੌਰਾਨ ਦੇਸ਼ ਦੀ ਵਿਕਾਸ ਦਰ 5 ਫ਼ੀਸਦ ਰਹਿਣ ਦੀ ਸੰਭਾਵਨਾ ਹੈ ਜਦੋਂ ਕਿ ਰਾਜ 5.19 ਫ਼ੀਸਦ ਦੀ ਆਰਥਿਕ ਵਿਕਾਸ ਦਰ ਦਰਸਾਏਗਾ। 12ਵੀਂ ਯੋਜਨਾ ਦੇ ਸਮੇਂ ਲਈ ਰਾਜ ਨੂੰ ਦਿੱਤਾ ਗਿਆ ਟੀਚਾ-6.4 ਫ਼ੀਸਦ ਹੈ। ਅਸੀਂ ਭਾਰਤ ਸਰਕਾਰ ਤੋਂ ਖੇਤੀਬਾੜੀ ਦੀ ਵਿਭਿੰਨਤਾ ਅਤੇ ਉਦਯੋਗ ਦੀ ਤਰੱਕੀ ਲਈ ਵੱਡੇ ਸਹਿਯੋਗ ਦੀ ਮੰਗ ਕੀਤੀ ਹੈ। ਸਾਡੀ ਸਰਕਾਰ ਰਾਜ ਨੂੰ ਦਿੱਤੇ ਗਏ ਟੀਚੇ ਨੂੰ ਪ੍ਰਾਪਤ ਕਰਨ ਦਾ ਯਤਨ ਕਰੇਗੀ।

5. ਸਾਲ 2011-12 ਵਿੱਚ ਮੌਜੂਦਾ ਕੀਮਤਾਂ ਤੇ ਰਾਜ ਦਾ ਕੁੱਲ ਘਰੇਲੂ ਉਤਪਾਦ 2,591223 ਕਰੋੜ ਰੁਪਏ ਤੋਂ ਵਧ ਕੇ 2012-13 ਵਿੱਚ 2,96,007 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ ਜੋ ਕਿ 14.19 ਫ਼ੀਸਦ ਦੀ ਵਿਕਾਸ ਦਰ ਨੂੰ

ਦਰਸਾਉਂਦਾ ਹੈ। ਕੌਮੀ ਕੁਲ ਘਰੇਲੂ ਉਤਪਾਦ ਸਾਲ 2011-12 ਵਿੱਚ 83,53,495 ਕਰੋੜ ਰੁਪਏ ਤੋਂ ਵਧ ਕੇ 94,61,979 ਕਰੋੜ ਰੁਪਏ ਹੋ ਗਿਆ ਹੈ, ਜੋ ਕਿ 13.27 ਫ਼ੀਸਦ ਵਿਕਾਸ ਦਰ ਦਰਸਾਉਂਦਾ ਹੈ। ਰਾਜ ਦਾ ਕੁਲ ਘਰੇਲੂ ਉਤਪਾਦ ਕੌਮੀ ਘਰੇਲੂ ਉਤਪਾਦ ਦੀ ਫ਼ੀਸਦ ਵਜੋਂ ਸਾਲ 2011-12 ਵਿੱਚ 3.10 ਫ਼ੀਸਦ ਤੋਂ ਵਧ ਕੇ 2012-13 ਵਿੱਚ 3.13 ਫ਼ੀਸਦ ਹੋਇਆ ਹੈ ਜਦੋਂ ਕਿ 2011 ਦੀ ਜਨਗਣਨਾ ਅਨੁਸਾਰ ਕੌਮੀ ਆਬਾਦੀ ਵਿੱਚ ਸਾਡੇ 2.29 ਫ਼ੀਸਦ ਦੇ ਹਿੱਸੇ ਵਜੋਂ ਹੈ।

6. ਸਾਲ 2011-12 ਵਿੱਚ ਚਲੰਤ ਕੀਮਤਾਂ ਤੇ ਰਾਜ ਦੀ ਪ੍ਰਤੀ ਜੀਅ ਆਮਦਨ 78,594 ਰੁਪਏ ਤੋਂ ਵਧ ਕੇ 2012-13 ਵਿੱਚ 89,345 ਰੁਪਏ ਹੋ ਗਈ ਹੈ ਜੋ ਕਿ 13.68 ਫ਼ੀਸਦ ਦਾ ਵਾਧਾ ਦਰਸਾਉਂਦੀ ਹੈ। ਸਾਲ 2011-12 ਵਿੱਚ ਕੌਮੀ ਪ੍ਰਤੀ ਜੀਅ ਆਮਦਨ 61,564 ਰੁਪਏ ਤੋਂ ਵਧ ਕੇ 2012-13 ਵਿੱਚ 68,747 ਰੁਪਏ ਹੋ ਗਈ ਹੈ ਜੋ ਕਿ 11.67 ਫ਼ੀਸਦ ਦਾ ਵਾਧਾ ਦਰਸਾਉਂਦੀ ਹੈ।

## ਰਾਜ ਵਿੱਤ

7. ਰਾਜ ਸਰਕਾਰ ਨੇ 2003 ਵਿੱਚ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ ਬਣਾਇਆ ਸੀ। ਜਿਸ ਨੂੰ ਸਾਲ 2010-11 ਤੋਂ 2014-15 ਦੇ ਸਮੇਂ ਲਈ 13ਵੇਂ ਵਿੱਤ ਕਮਿਸ਼ਨ ਵੱਲੋਂ ਸਿਫਾਰਿਸ਼ ਕੀਤੇ ਵਿੱਤੀ ਮਜ਼ਬੂਤੀ ਪਾਥ ਦੇ ਅਨੁਕੂਲ ਬਣਾਉਣ ਲਈ ਮਾਰਚ, 2011 ਵਿੱਚ ਸੋਧਿਆ ਗਿਆ ਸੀ। ਵਿੱਤੀ ਮਜ਼ਬੂਤੀ ਪਾਥ ਦੇ ਮੁੱਖ ਉਦੇਸ਼ ਹਨ, ਮਾਲ ਆਮਦਨ ਘਾਟਾ ਦੂਰ ਕਰਨਾ, ਵਿੱਤੀ ਘਾਟੇ ਨੂੰ ਜੀ.ਐਸ.ਡੀ.ਪੀ. ਦੇ 3 ਫ਼ੀਸਦ ਤੱਕ ਰੱਖਣਾ ਅਤੇ ਰਾਜ ਦੇ ਬਕਾਇਆ ਕਰਜ਼ੇ ਨੂੰ ਵਿੱਤੀ ਸਾਲ 2014-15 ਤੱਕ ਰਾਜ ਦੇ ਕੁੱਲ ਘਰੇਲੂ ਉਤਪਾਦ ਦੇ 38.7 ਫ਼ੀਸਦ ਤੱਕ ਲਿਆਉਣਾ ਹੈ।

8. ਜਿਵੇਂ ਕਿ ਹੇਠਲੇ ਪੈਰ੍ਹਿਆਂ ਵਿੱਚ ਦਰਸਾਇਆ ਗਿਆ ਹੈ ਕਿ ਰਾਜ ਮਾਲੀ ਘਾਟੇ ਦੇ ਟੀਚਿਆਂ ਨੂੰ ਪੂਰਾ ਕਰਨ ਅਤੇ ਰਾਜ ਦੇ ਕੁਲ ਘਰੇਲੂ ਉਤਪਾਦ ਦੇ ਅਨੁਪਾਤ ਵਿੱਚ ਕਰਜ਼ ਨੂੰ ਲਿਆਉਣ ਵਿੱਚ ਸਫਲ ਰਿਹਾ ਹੈ, ਪ੍ਰੰਤੂ ਰਾਜ ਵਿਤੀ ਮਜ਼ਬੂਤੀ ਪਾਥ ਵਿਚ ਨਿਰਧਾਰਿਤ ਮਾਲ ਆਮਦਨ ਟੀਚਿਆਂ ਦਾ ਅਨੁਸਰਣ ਕਰਨ ਵਿਚ ਮੁਸ਼ਕਿਲ ਮਹਿਸੂਸ ਕਰਦਾ ਹੈ।

## ਮਾਲ ਆਮਦਨ ਘਾਟਾ (ਰੈਵੀਨਿਊ ਡੈਫੀਸਿਟ)

9. 13ਵੇਂ ਵਿੱਤ ਕਮਿਸ਼ਨ ਵਲੋਂ ਸੁਝਾਏ ਗਏ ਵਿੱਤੀ ਮਜ਼ਬੂਤੀ ਪਾਥ ਮੁਤਾਬਕ ਸਾਲ 2014-15 ਦੇ ਵਿੱਤੀ ਸਾਲ ਵਿੱਚ ਰਾਜ ਵੱਲੋਂ ਮਾਲ ਆਮਦਨ ਸੰਤੁਲਨ ਪ੍ਰਾਪਤ ਕਰਨਾ ਅਤੇ ਉਸ ਤੋਂ ਬਾਅਦ ਇਸ ਨੂੰ ਕਾਇਮ ਰੱਖਣਾ ਜਰੂਰੀ ਹੈ। ਸਾਲ 2011-12 ਲਈ 13ਵੇਂ ਵਿੱਤੀ ਕਮਿਸ਼ਨ ਵੱਲੋਂ ਦਿੱਤਾ ਗਿਆ ਟੀਚਾ ਰਾਜ ਦੇ ਕੁੱਲ ਘਰੇਲੂ ਉਤਪਾਦ ਦਾ 1.8 ਫ਼ੀਸਦ ਸੀ, ਪ੍ਰੰਤੂ ਸਾਲ 2011-12 ਵਿੱਚ ਵਾਸਤਵਿਕ ਮਾਲ ਆਮਦਨ 6,811 ਕਰੋੜ ਰੁਪਏ ਅਰਥਾਤ ਜੀ.ਐਸ.ਡੀ.ਪੀ. ਦਾ 2.63 ਫ਼ੀਸਦ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਸੀ। ਸਾਲ 2007-08 ਵਿੱਚ 11ਵੀਂ ਯੋਜਨਾ ਦੀ ਸ਼ੁਰੂਆਤ ਸਮੇਂ ਕੇਵਲ ਪੱਛਮੀ ਬੰਗਾਲ, ਕੇਰਲ ਅਤੇ ਪੰਜਾਬ ਮਾਲ ਆਮਦਨ ਘਾਟੇ ਵਾਲੇ ਰਾਜ ਸਨ। ਸਾਲ 2011-12 ਤੱਕ ਸਾਧਾਰਣ ਧੀਮੀ ਚਾਲ ਕਾਰਨ ਹਰਿਆਣਾ, ਮਹਾਰਾਸ਼ਟਰ, ਗੁਜਰਾਤ, ਤਾਮਿਲਨਾਡੂ ਅਤੇ ਗੋਆ ਵਰਗੇ ਰਾਜ ਵੀ ਮਾਲ ਆਮਦਨ ਘਾਟੇ ਵਾਲੇ ਰਾਜਾਂ ਦੇ ਸਮੂਹ ਵਿਚ ਸ਼ਾਮਿਲ ਹੋ ਗਏ।

10. ਚਲੰਤ ਵਿੱਤੀ ਸਾਲ 2012-13 ਲਈ ਰਾਜ ਸਰਕਾਰ ਨੇ ਮਾਲ ਆਮਦਨ ਘਾਟੇ ਲਈ 3.123 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਸੀ ਜੋ ਕਿ 13ਵੇਂ ਵਿੱਤੀ ਕਮਿਸ਼ਨ ਵੱਲੋਂ ਨਿਰਧਾਰਿਤ 1.20 ਫ਼ੀਸਦ ਦੇ ਟੀਚੇ ਦੇ ਮੁਕਾਬਲੇ ਜੀ.ਐਸ.ਡੀ.ਪੀ. ਦਾ 1.06 ਫ਼ੀਸਦ ਸੀ ਪ੍ਰੰਤੂ 2012-13 ਦੇ (ਸੋਧੇ ਅਨੁਮਾਨ) ਅਨੁਸਾਰ ਰਾਜ ਦਾ ਮਾਲ ਆਮਦਨ ਘਾਟਾ 4758 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ ਜੋ ਕਿ ਰਾਜ ਦੇ ਕੁਲ ਘਰੇਲੂ ਉਤਪਾਦ ਦਾ 1.61 ਫ਼ੀਸਦ ਹੈ। ਸਾਲ 2012-13 (ਸੋਧੇ ਅਨੁਮਾਨ) ਲਈ ਭਾਰਤ ਸਰਕਾਰ ਦਾ ਮਾਲ ਆਮਦਨ ਘਾਟਾ 3,91,245 ਕਰੋੜ ਰੁਪਏ ਹੈ ਜੋ ਕਿ ਜੀ.ਡੀ.ਪੀ. ਦਾ 3.9 ਫ਼ੀਸਦ ਹੈ। 13ਵੇਂ ਵਿੱਤੀ ਕਮਿਸ਼ਨ ਵੱਲੋਂ ਨਿਰਧਾਰਤ ਕੀਤੇ ਗਏ 0.6 ਫ਼ੀਸਦ ਦੇ ਮੁਕਾਬਲੇ ਸਾਲ 2013-14 (ਬਜਟ ਅਨੁਮਾਨ) ਲਈ ਮਾਲ ਆਮਦਨ ਘਾਟਾ 1,747 ਕਰੋੜ ਰੁਪਏ ਹੈ ਜੋ ਕਿ ਰਾਜ ਦੇ ਕੁਲ ਘਰੇਲੂ ਉਤਪਾਦ (ਜੀ.ਐਸ.ਡੀ.ਪੀ.) ਦਾ 0.57 ਫ਼ੀਸਦ ਹੈ। ਇਹ ਟੀਚਾ ਪੰਜਾਬ ਲਈ ਸਾਰੇ ਸਾਲਾਂ ਤੋਂ ਘੱਟ ਹੈ। ਸਾਲ 2013-14 (ਬਜਟ ਅਨੁਮਾਨ) ਲਈ ਭਾਰਤ ਸਰਕਾਰ ਦਾ ਮਾਲ ਆਮਦਨ ਘਾਟਾ 3,79,838 ਕਰੋੜ ਰੁਪਏ ਹੈ ਜੋ ਕਿ ਕੌਮੀ ਕੁਲ ਘਰੇਲੂ ਉਤਪਾਦ ਦਾ 3.3 ਫ਼ੀਸਦ ਹੈ।

11. ਮੌਜੂਦਾ ਸਰਕਾਰ ਰਾਜ ਦੀ ਆਰਥਿਕ ਪੁਨਰ-ਸੁਰਜੀਤੀ ਲਈ ਮਾਲ ਆਮਦਨ ਘਾਟੇ ਨੂੰ ਖਤਮ ਕਰਨ ਦੀ ਮਹੱਤਤਾ ਬਾਰੇ ਜਾਗਰੂਕ ਹੈ। ਅਸੀਂ ਰਾਜ ਦੇ ਮਾਲ-ਆਮਦਨ ਘਾਟੇ ਨੂੰ ਨਿਯੰਤ੍ਰਣ ਵਿਚ ਰੱਖਣ ਲਈ ਕੁਝ ਹੱਦ ਤੱਕ ਸਫ਼ਲ ਵੀ ਹੋਏ ਹਾਂ। ਦਸਵੀਂ ਯੋਜਨਾ 2002-2007 ਦੌਰਾਨ ਜੀ.ਐਸ.ਡੀ.ਪੀ. ਦੀ ਫ਼ੀਸਦ ਵਜੋਂ ਔਸਤ ਮਾਲ-ਆਮਦਨ ਘਾਟਾ 2.91 ਫ਼ੀਸਦ ਤੋਂ ਗਿਆਰਵੀਂ ਯੋਜਨਾ 2007-12 ਦੌਰਾਨ 2.47 ਫ਼ੀਸਦ ਹੇਠਾਂ ਲਿਆਂਦਾ ਗਿਆ ਸੀ। ਇਹ ਸਾਲ 2008-09 ਦੇ 2.22 ਫ਼ੀਸਦ ਵਾਂਗ ਘੱਟ ਸੀ। ਐਪਰ, ਸਰਕਾਰ ਆਮ ਤੌਰ ਤੇ ਰਾਜ ਅਤੇ ਵਿਸ਼ੇਸ਼ ਰੂਪ ਵਿੱਚ ਸਮਾਜ ਦੇ ਲਾਭ ਵਿਹੂਣੇ ਵਰਗਾਂ ਦੇ ਵਿਕਾਸ ਲਈ ਵਚਨਬੱਧ ਹੈ, ਇਸ ਉਦੇਸ਼ ਲਈ ਸਰਕਾਰ ਸਮਾਜਿਕ ਅਤੇ ਆਰਥਿਕ ਖੇਤਰਾਂ ਵਿੱਚ ਮਾਲੀਆ ਪੱਖ ਤੋਂ ਵੱਡੇ ਵਿਕਾਸ ਖਰਚ ਕਰਦੀ ਹੈ ਜਿਵੇਂ ਕਿ ਮੈਂ ਹੁਣ ਬਿਆਨ ਕਰਾਂਗਾ। ਭਾਰਤ ਸਰਕਾਰ ਵੱਲੋਂ ਢੁੱਕਵੀਂ ਸਹਾਇਤਾ ਨਾ ਮਿਲਣ ਕਰਕੇ ਅਤੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਕਰਕੇ ਸਾਲ 2011-12 ਵਿਚ ਮਾਲ-ਆਮਦਨ ਘਾਟੇ ਵਿੱਚ ਜੋ ਵਾਧਾ ਹੋਇਆ ਹੈ, ਉਹ ਜੀ.ਐਸ.ਡੀ.ਪੀ. ਦਾ 2.63 ਫ਼ੀਸਦ ਹੈ।

ਇਹ 13ਵੇਂ ਵਿੱਤੀ ਕਮਿਸ਼ਨ ਵਲੋਂ ਸਿਫਾਰਿਸ਼ ਕੀਤੇ ਵਿੱਤੀ ਮਜ਼ਬੂਤੀ ਪਾਥ ਦਾ ਕੇਵਲ ਮਾਪ-ਦੰਡ ਹੈ ਜਿਸ ਨੂੰ ਪੂਰਾ ਕਰਨ ਵਿਚ ਰਾਜ ਨੂੰ ਮੁਸ਼ਕਿਲ ਆਉਂਦੀ ਹੈ।

## ਵਿੱਤੀ ਘਾਟਾ (ਫਿਸਕਲ ਡੇਫੀਸਿਟ)

12. ਰਾਜ 13ਵੇਂ ਵਿੱਤ ਕਮਿਸ਼ਨ ਦੁਆਰਾ ਦਿੱਤੇ ਗਏ ਟੀਚਿਆਂ ਦੇ ਮੁਤਾਬਕ ਆਪਣੇ ਵਿੱਤੀ ਘਾਟੇ ਨੂੰ ਨਿਯੰਤ੍ਰਣ ਵਿੱਚ ਰੱਖਣ ਵਿੱਚ ਸਫਲ ਰਿਹਾ ਹੈ।ਸਾਲ 2011-12 ਲਈ ਰਾਜ ਦਾ ਵਿੱਤੀ ਘਾਟਾ 8,491 ਕਰੋੜ ਰੁਪਏ ਸੀ ਜੋ ਕਿ 13ਵੇਂ ਵਿੱਤ ਕਮਿਸ਼ਨ ਵੱਲੋਂ ਨਿਰਧਾਰਤ ਕੀਤੇ 3.50 ਫ਼ੀਸਦ ਦੇ ਟੀਚੇ ਦੇ ਮੁਕਾਬਲੇ ਰਾਜ ਦੇ ਕੁੱਲ ਘਰੇਲੂ ਉਤਪਾਦ ਦਾ 3.28 ਫ਼ੀਸਦ ਸੀ। ਸਾਲ 2011-12 ਲਈ ਭਾਰਤ ਸਰਕਾਰ ਦਾ ਵਿੱਤੀ ਘਾਟਾ 5,15,990 ਕਰੋੜ ਰੁਪਏ ਸੀ, ਜੋ ਕਿ ਕੁੱਲ ਘਰੇਲੂ ਉਤਪਾਦ ਦਾ 5.7 ਫ਼ੀਸਦ ਸੀ। ਸਾਲ 2012-13 ਦੌਰਾਨ (ਬਜਟ ਅਨੁਮਾਨ) 8,924 ਕਰੋੜ ਰੁਪਏ ਦਾ ਵਿਤੀ ਘਾਟਾ ਦਰਸਾਇਆ ਹੈ ਜੋ ਕਿ 13ਵੇਂ ਵਿੱਤੀ ਕਮਿਸ਼ਨ ਵੱਲੋਂ ਨਿਰਧਾਰਤ ਕੀਤੇ 3.50 ਫ਼ੀਸਦ ਦੇ ਟੀਚੇ ਦੇ ਮੁਕਾਬਲੇ ਰਾਜ ਦੇ ਕੁੱਲ ਘਰੇਲੂ ਉਤਪਾਦ ਦਾ 3.01 ਫ਼ੀਸਦ ਸੀ ਪ੍ਰੰਤੂ ਸਾਲ 2012-13 (ਸੋਧੇ ਅਨੁਮਾਨ) ਲਈ ਰਾਜ ਦਾ ਵਿੱਤੀ ਘਾਟਾ 9.395 ਕਰੋੜ ਰੁਪਏ ਹੈ ਜੋ ਕਿ ਜੀ.ਐਸ.ਡੀ.ਪੀ. ਦਾ 3.17 ਫ਼ੀਸਦ ਹੈ। ਸਾਲ 2012-13 (ਸੋਧੇ ਅਨੁਮਾਨ) ਲਈ ਭਾਰਤ ਸਰਕਾਰ ਦਾ ਵਿੱਤੀ ਘਾਟਾ 5,20,925 ਕਰੋੜ ਰੁਪਏ ਹੈ ਜੋ ਕਿ ਕੌਮੀ ਘਰੇਲੂ ਉਤਪਾਦ ਦਾ 5.2 ਫ਼ੀਸਦ ਹੈ। ਸਾਲ 2013-14 (ਬਜਟ ਅਨੁਮਾਨ) ਅਨੁਸਾਰ ਰਾਜ ਦਾ ਵਿੱਤੀ ਘਾਟਾ 9.258 ਕਰੋੜ ਰੁਪਏ ਹੈ, ਜੋ ਕਿ 13ਵੇਂ ਵਿੱਤ ਕਮਿਸ਼ਨ ਵੱਲੋਂ ਨਿਰਧਾਰਤ ਕੀਤੇ ਗਏ 3.0 ਫ਼ੀਸਦ ਦੇ ਟੀਚੇ ਦੇ ਮੁਕਾਬਲੇ ਰਾਜ ਦੇ ਕੁੱਲ ਘਰੇਲੂ ਉਤਪਾਦ ਦਾ 3 ਫ਼ੀਸਦ ਹੈ। ਸਾਲ 2013-14 (ਬਜਟ ਅਨੁਮਾਨ) ਲਈ ਭਾਰਤ ਸਰਕਾਰ ਦਾ ਵਿੱਤੀ ਘਾਟਾ 5,42,499 ਕਰੋੜ ਰੁਪਏ ਹੈ ਜੋ ਕਿ ਕੌਮੀ ਕੁੱਲ ਘਰੇਲੂ ਉਤਪਾਦ ਦਾ 4.8 ਫ਼ੀਸਦ ਹੈ।

13. ਇਸ ਲਈ ਰਾਜ ਨੇ ਸਾਲ 2012-13 ਤੱਕ ਆਪਣੇ ਵਿੱਤੀ ਘਾਟੇ ਨੂੰ ਰਾਜ ਦੇ ਕੁੱਲ ਘਰੇਲੂ ਉਤਪਾਦ ਦੇ 3.5 ਫ਼ੀਸਦ ਦੀ ਸੀਮਾ ਵਿੱਚ ਰੱਖਣ ਦਾ ਪ੍ਰਬੰਧ ਕਰ ਲਿਆ ਹੈ ਅਤੇ ਸਾਲ 2013-14 ਵਿੱਚ ਇਸ ਨੂੰ 3 ਫ਼ੀਸਦ ਦੀ ਸੀਮਾ ਵਿੱਚ ਰੱਖਣ ਲਈ ਕੋਈ ਮੁਸ਼ਕਿਲ ਨਹੀਂ ਆਵੇਗੀ। ਰਾਜ ਦੇ ਕੁੱਲ ਘਰੇਲੂ ਉਤਪਾਦ ਦੀ ਫ਼ੀਸਦ ਵਜੋਂ ਔਸਤ ਵਿੱਤੀ ਘਾਟਾ ਜੋ ਕਿ 10ਵੀਂ ਯੋਜਨਾ ਦੌਰਾਨ (2002-03 ਤੋਂ 2006-07) 4.18 ਫ਼ੀਸਦ ਸੀ, ਉਹ ਗਿਆਰਵੀਂ ਯੋਜਨਾ (2007-08 ਤੋਂ 2011-12) ਦੌਰਾਨ ਘੱਟ ਕੇ 3.28 ਫ਼ੀਸਦ ਤੇ ਆ ਗਿਆ ਹੈ।

## ਬਕਾਇਆ ਕਰਜ਼ਾ

14. ਬਕਾਇਆ ਕਰਜ਼ ਦੀ ਸਮੱਸਿਆ ਇਕੱਲੇ ਪੰਜਾਬ ਰਾਜ ਦੀ ਨਿਵੇਕਲੀ ਸਮੱਸਿਆ ਨਹੀਂ ਹੈ। 1980 ਦੇ ਦਹਾਕੇ ਦੇ ਮੱਧ ਤੱਕ ਪੰਜਾਬ ਵਾਫ਼ਰ ਮਾਲੀਏ ਵਾਲਾ ਸੂਬਾ ਸੀ। ਅੱਤਵਾਦ ਦੀ ਸਮੱਸਿਆ, ਗੁਆਂਢੀ ਰਾਜਾਂ ਨੂੰ ਕਰ ਰਿਆਇਤਾਂ, ਭਾਰਤ ਸਰਕਾਰ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਵੱਲੋਂ ਨਿਗੂਣੀ ਸਹਾਇਤਾ, ਰਾਜ ਦੀਆਂ ਲੋਕਾਂ ਪ੍ਰਤੀ ਵਧਦੀਆਂ ਵੱਚਨਬੱਧਤਾਵਾਂ ਅਤੇ ਗਰੀਬਾਂ ਦੀ ਭਲਾਈ ਲਈ ਰਾਜ ਦੀਆਂ ਦ੍ਰਿੜ ਵੱਚਨਬੱਧਤਾਵਾਂ ਕਾਰਨ ਰਾਜ ਦੇ ਕਰਜ਼ੇ ਵਿੱਚ ਵਾਧਾ ਹੋਇਆ ਹੈ। ਐਪਰ ਪਿਛਲੇ ਸਾਲਾਂ ਦੌਰਾਨ ਰਾਜ ਦੇ ਕੁੱਲ ਘਰੇਲੂ ਉਤਪਾਦ ਦੀ ਫ਼ੀਸਦ ਵਜੋਂ ਬਕਾਇਆ ਕਰਜ਼ੇ ਵਿਚ ਕਮੀਂ ਆਉਂਦੀ ਜਾ ਰਹੀ ਹੈ। ਦਸਵੀਂ ਯੋਜਨਾ (2002-07) ਦੇ ਸਮੇਂ ਦੌਰਾਨ ਰਾਜ ਦਾ ਕੁੱਲ ਘਰੇਲੂ ਅਨੁਪਾਤ ਔਸਤ ਕਰਜ਼ ਦਾ 44.04 ਫ਼ੀਸਦ ਸੀ, ਜੋ ਕਿ 11ਵੀਂ ਯੋਜਨਾ (2007-12) ਦੇ ਸਮੇਂ ਦੌਰਾਨ ਘਟ ਕੇ 32.11 ਫ਼ੀਸਦ ਤੇ ਆ ਗਿਆ ਹੈ। ਸਾਲ 2011-12 ਲਈ 13ਵੇਂ ਵਿੱਤ ਕਮਿਸ਼ਨ ਵੱਲੋਂ ਦਿੱਤੇ 41.8 ਫ਼ੀਸਦ ਦੇ ਟੀਚੇ ਦੇ ਮੁਕਾਬਲੇ ਰਿਜ਼ਰਵ ਫੰਡ ਸਮੇਤ ਰਾਜ ਦਾ ਬਕਾਇਆ ਕਰਜ਼ਾ 83,099 ਕਰੋੜ ਰੁਪਏ (ਜੀ.ਐਸ.ਡੀ.ਪੀ. ਦਾ 32.06 ਫ਼ੀਸਦ) ਅਤੇ ਰਿਜ਼ਰਵ ਫੰਡਾਂ ਤੋਂ ਬਿਨਾਂ 77,158 ਕਰੋੜ ਰੁਪਏ (ਜੀ.ਐਸ.ਡੀ.ਪੀ. ਦਾ 31.35 ਫ਼ੀਸਦ) ਸੀ। ਸਾਲ 2012-13 (ਸੋਧੇ ਅਨੁਮਾਨ) ਦੌਰਾਨ ਰਿਜ਼ਰਵ ਫੰਡਾਂ ਸਮੇਤ ਬਕਾਇਆ ਕਰਜ਼ਾ 92,804 ਕਰੋੜ ਰੁਪਏ (ਜੀ.ਐਸ.ਡੀ.ਪੀ. ਦਾ 31.35 ਫ਼ੀਸਦ) ਅਤੇ ਰਿਜ਼ਰਵ ਫੰਡਾਂ ਤੋਂ ਬਿਨਾਂ 86,453 ਕਰੋੜ ਰੁਪਏ ਵਧ ਜਾਣ ਦੀ ਸੰਭਾਵਨਾ ਹੈ ਜੋ 41 ਫ਼ੀਸਦ ਦੇ ਟੀਚੇ ਦੇ ਅੰਦਰ ਅੰਦਰ ਹੀ ਰਹੇਗਾ। ਸਾਲ 2013-14 (ਬਜਟ ਅਨੁਮਾਨ) ਲਈ ਰਾਜ ਨੇ 9,261 ਰੁਪਏ ਉਧਾਰ ਲੈਣ ਦੀ ਤਜਵੀਜ਼ ਬਣਾਈ ਹੈ ਅਤੇ ਸਾਲ 2013-14 ਦੇ ਅੰਤ ਤੱਕ ਬਕਾਇਆ ਕਰਜ਼ਾ ਰਿਜਰਵ ਫੰਡਾਂ ਸਮੇਤ 1,02,282 ਕਰੋੜ ਰੁਪਏ ਅਤੇ ਜੀ.ਐਸ.ਡੀ.ਪੀ. ਦਾ 33.13 ਫ਼ੀਸਦ ਅਤੇ ਰਿਜ਼ਰਵ ਫੰਡਾਂ ਤੋਂ ਬਿਨਾਂ 95,670 ਕਰੋੜ ਰੁਪਏ ਅਤੇ ਜੀ.ਐਸ.ਡੀ.ਪੀ. 30.90 ਫ਼ੀਸਦ ਹੋਵੇਗਾ। ਸਾਲ 2013-14 ਲਈ ਜੀ.ਐਸ.ਡੀ.ਪੀ. ਅਤੇ ਕਰਜ਼ ਅਨੁਪਾਤ ਦਾ ਟੀਚਾ 39.8 ਫ਼ੀਸਦ ਹੈ। ਸਤਿਕਾਰਯੋਗ ਮੈਂਬਰਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਪ੍ਰਤੀਕੂਲ ਪਰਿਸਥਿਤਿਆਂ ਦੇ ਬਾਵਜੂਦ ਰਾਜ ਸੰਜਮੀ ਕਰਜ਼ ਪ੍ਰਬੰਧਨ ਨੀਤੀ ਅਪਣਾਉਣ ਅਤੇ ਕਰਜ਼ ਨੂੰ 13ਵੇਂ ਵਿੱਤੀ ਕਮਿਸ਼ਨ ਦੁਆਰਾ ਨਿਰਧਾਰਤ ਟੀਚੇ ਦੇ ਅੰਦਰ-ਅੰਦਰ ਰੱਖਣ ਦੇ ਸਮਰੱਥ ਰਿਹਾ। ਰਾਜ 10ਵੀਂ ਯੋਜਨਾ ਦੇ ਦੌਰਾਨ ਜੀ.ਐਸ.ਡੀ.ਪੀ. ਦੇ ਔਸਤਨ 44.04 ਫ਼ੀਸਦ ਦੇ ਲਗਭਗ ਉਧਾਰ ਲੈਂਦਾ ਰਿਹਾ ਹੈ। 11ਵੀਂ ਯੋਜਨਾ ਵਿੱਚ ਇਹ ਘੱਟ ਕੇ 32.11 ਫ਼ੀਸਦ ਤੇ ਆ ਗਿਆ ਹੈ।

15. ਕੌਮੀ ਪੱਧਰ ਤੇ ਪ੍ਰਸਿਥਿਤੀ ਕੋਈ ਬਿਹਤਰ ਨਹੀਂ ਹੈ। ਮਾਰਚ, 2012 (ਸੋਧੇ ਅਨੁਮਾਨ) ਦੇ ਅੰਤ ਤੇ ਭਾਰਤ ਸਰਕਾਰ ਦਾ ਕੁੱਲ ਬਕਾਇਆ ਕਰਜ਼ 44,68,714 ਕਰੋੜ ਰੁਪਏ ਸੀ ਜੋ ਕੁੱਲ ਕੌਮੀ ਘਰੇਲੂ ਉਤਪਾਦ ਦਾ 49.8 ਫ਼ੀਸਦ ਹੈ। ਹੋਰ ਰਾਜਾਂ ਵਿੱਚ ਵੀ ਇਸ ਸਬੰਧੀ ਕੋਈ ਅਪਵਾਦ ਨਹੀਂ ਹੈ ਅਤੇ ਉਨ੍ਹਾਂ ਤੇ ਵੀ ਭਾਰੀ ਕਰਜ਼ ਹੈ, ਜਿਵੇਂ ਕਿ ਮਹਾਰਾਸ਼ਟਰ (2,57,220 ਕਰੋੜ ਰੁਪਏ), ਗੁਜਰਾਤ (1,58,100 ਕਰੋੜ ਰੁਪਏ), ਹਰਿਆਣਾ (53,700 ਕਰੋੜ ਰੁਪਏ), ਤਾਮਿਲਨਾਡੂ (1,28,940 ਕਰੋੜ ਰੁਪਏ) ਅਤੇ ਕਰਨਾਟਕ (1,00,820 ਕਰੋੜ ਰੁਪਏ)। ਰਾਜ ਸਰਕਾਰ

ਭਾਰਤ ਸਰਕਾਰ ਕੋਲ ਆਪਣੇ ਕਰਜ਼ ਮਾਫ਼ੀ ਦੇ ਕੇਸ ਦੀ ਪੈਰਵੀ ਪੁਰਜ਼ੋਰ ਤਰੀਕੇ ਨਾਲ ਕਰ ਰਹੀ ਹੈ। ਅਸਲ ਵਿੱਚ 13ਵੇਂ ਵਿੱਤ ਕਮਿਸ਼ਨ ਨੇ ਪੰਜਾਬ ਅਤੇ ਦੋ ਹੋਰ ਰਾਜਾਂ ਅਰਥਾਤ ਕੇਰਲ ਅਤੇ ਪੱਛਮੀ ਬੰਗਾਲ ਦੀ ਪਛਾਣ ਮਾਲੀ ਘਾਟੇ ਅਤੇ ਵਿੱਤੀ ਦਬਾਅ ਵਾਲੇ ਰਾਜਾਂ ਦੇ ਤੌਰ ਤੇ ਕੀਤੀ ਹੈ ਅਤੇ ਭਾਰਤ ਸਰਕਾਰ ਨੂੰ ਇਨ੍ਹਾਂ ਰਾਜਾਂ ਨੂੰ ਵਿੱਤੀ ਦਬਾਅ ਵਿਚੋਂ ਕੱਢਣ ਵਿਚ ਸਹਾਇਤਾ ਕਰਨ ਲਈ ਕਿਹਾ ਹੈ। ਸਕੱਤਰ, ਖਰਚਾ, ਵਿੱਤ ਮੰਤਰਾਲਾ ਦੀ ਪ੍ਰਧਾਨਗੀ ਵਾਲੀ ਇਕ ਕਮੇਟੀ ਦਾ ਗਠਨ ਕੀਤਾ ਅਤੇ ਇਨ੍ਹਾਂ 3 ਰਾਜਾਂ, ਜਿਨ੍ਹਾਂ ਵਿੱਚ ਪੰਜਾਬ ਵੀ ਸ਼ਾਮਲ ਸੀ, ਨਾਲ ਕਈ ਮੀਟਿੰਗਾਂ ਕੀਤੀਆਂ। ਪਰੰਤੂ ਕਮੇਟੀ ਵੱਲੋਂ ਆਪਣੀ ਰਿਪੋਰਟ ਪੇਸ਼ ਨਹੀਂ ਕੀਤੀ ਗਈ। ਉਸ ਤੋਂ ਬਾਅਦ ਭਾਰਤ ਸਰਕਾਰ ਨੇ ਜਨਵਰੀ, 2013 ਵਿੱਚ 14ਵੇਂ ਵਿੱਤ ਕਮਿਸ਼ਨ ਦਾ ਗਠਨ ਕੀਤਾ ਅਤੇ ਕਰਜ਼ ਹੇਠ ਦੱਬੇ ਰਾਜਾਂ ਦੀ ਸਮੱਸਿਆ ਨੂੰ ਇਸ ਨਵੇਂ ਕਮਿਸ਼ਨ ਨੂੰ ਵਿਚਾਰਣ ਹਿੱਤ ਭੇਜ ਦਿੱਤਾ।

## ਮਾਲ ਆਮਦਨ ਪ੍ਰਾਪਤੀਆਂ (ਰੈਵੀਨਿਊ ਰਿਸੀਟਸ)

16. ਰਾਜ ਵਿੱਚ ਮਾਲ ਆਮਦਨ ਪ੍ਰਾਪਤੀਆਂ ਦੇ ਚਾਰ ਅੰਸ਼ ਹਨ ਜਿਨ੍ਹਾਂ ਦੇ ਨਾਲ ਹਨ-ਰਾਜ ਦੇ ਆਪਣੇ ਕਰ ਮਾਲੀਏ, ਰਾਜ ਦੇ ਆਪਣੇ ਗੈਰ-ਕਰ ਮਾਲੀਏ, ਕੇਂਦਰੀ ਕਰਾਂ ਦਾ ਹਿੱਸਾ ਅਤੇ ਕੇਂਦਰ ਵੱਲੋਂ ਸਹਾਇਤਾ ਗ੍ਰਾਂਟ। ਸਾਲ 2007-12 ਦੀ 11ਵੀਂ ਯੋਜਨਾ ਦੇ ਸਮੇਂ ਦੌਰਾਨ ਮਾਲ ਆਮਦਨ ਪ੍ਰਾਪਤੀਆਂ ਨੇ 9.76 ਫ਼ੀਸਦ ਦੀ ਔਸਤ ਵਿਕਾਸ ਦਰ ਦਿਖਾਈ ਹੈ। ਸਾਲ 2012-13 (ਸੋਧੇ ਅਨੁਮਾਨ) ਅਨੁਸਾਰ ਸਾਲ 2012-13 (ਬਜਟ ਅਨੁਮਾਨ) ਦੇ 38,043 ਕਰੋੜ ਰੁਪਏ ਦੇ ਟੀਚੇ ਦੇ ਮੁਕਾਬਲੇ 39,269 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ। ਭਾਰਤ ਸਰਕਾਰ ਵੱਲੋਂ ਵਧੀਕ ਸ੍ਰੋਤ ਗਤੀਸ਼ੀਲਤਾ ਅਤੇ ਸਹਾਇਤਾ ਗ੍ਰਾਂਟਾਂ ਦੀ ਘਾਟ ਨੇ ਬਜਟ ਅਨੁਮਾਨਾਂ ਦੀ ਤੁਲਨਾ ਵਿੱਚ ਚਾਲੂ ਸਾਲ ਦੌਰਾਨ ਮਾਲ ਆਮਦਨ ਪ੍ਰਾਪਤੀਆਂ ਦੀ ਗਿਰਾਵਟ ਵਿੱਚ ਵਾਧਾ ਕੀਤਾ ਹੈ।

## ਰਾਜ ਦਾ ਆਪਣਾ ਕਰ ਮਾਲੀਆ

17. ਸਾਡੀ ਸਰਕਾਰ ਲਈ ਵਿੱਤੀ ਹਾਲਾਤ ਨੂੰ ਸੁਧਾਰਨਾ ਅਤੇ ਵਿੱਤੀ ਪ੍ਰਬੰਧ ਦੀ ਜ਼ਿੰਮੇਵਾਰੀ ਵਿਰਾਸਤ ਵਿੱਚ ਮਿਲੀ ਸੀ। ਸਾਡੇ ਉਪ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਤੋਂ ਪ੍ਰੇਰਣਾ ਲੈਂਦੇ ਹੋਏ ਬਹੁਤ ਹੀ ਸਾਹਸੀ ਕਦਮ ਚੁੱਕੇ ਅਤੇ ਸੁਪਨਾ ਪੂਰਾ ਕੀਤਾ। ਪਰਿਣਾਮ ਸਰੂਪ ਰਾਜ ਦੀ ਆਮਦਨ ਵਿੱਚ ਬੇਮਿਸਾਲ ਵਾਧਾ ਹੋਇਆ ਹੈ। ਮੈਨੂੰ ਇਹ ਦਸਦੇ ਹੋਏ ਇਹ ਗਰਵ ਮਹਿਸੂਸ ਹੋ ਰਿਹਾ ਹੈ ਕਿ ਪਿਛਲੇ ਛੇ ਸਾਲਾਂ ਵਿੱਚ ਜਿਹੜੀ ਪ੍ਰਾਪਤੀਆਂ ਹੋਈਆਂ ਹਨ ਉਹ ਪਿਛਲੇ 60 ਸਾਲਾਂ ਤੋਂ ਕਿਤੇ ਜ਼ਿਆਦਾ ਹੈ।

ਵੈਟ, ਸਟੈਂਪ ਅਤੇ ਰਜਿਸਟ੍ਰੇਸ਼ਨ, ਰਾਜ ਆਬਕਾਰੀ ਅਤੇ ਗੱਡੀਆਂ ਤੇ ਕਰ, ਰਾਜ ਦੇ ਆਪਣੇ ਕਰ ਮਾਲੀਏ ਦੇ ਪ੍ਰਮੁੱਖ ਸ੍ਰੋਤ ਹਨ। ਸਾਲ 2002-03 ਤੋਂ ਸਾਲ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

2006-07 ਦੇ ਸਮੇਂ ਦੌਰਾਨ ਰਾਜ ਦਾ ਆਪਣਾ ਕਰ ਮਾਲੀਆ, ਜਿਸ ਦੀ ਔਸਤ ਵਿਕਾਸ ਕਰ 13.77 ਫ਼ੀਸਦ ਸੀ, ਸਾਲ 2007-08 ਤੋਂ ਸਾਲ 2011-12 ਦੇ ਸਮੇਂ ਦੌਰਾਨ ਵਧ ਕੇ 16.43 ਫ਼ੀਸਦ ਹੋ ਗਿਆ ਹੈ। ਰਾਜ ਦੇ ਆਪਣੇ ਕਰ ਮਾਲੀਆ ਵਸੂਲੀ ਵਿਚ ਸਾਲ 2010-11 ਵਿੱਚ 16,828 ਕਰੋੜ ਰੁਪਏ ਤੋਂ ਵਧ ਕੇ ਸਾਲ 2011-12 ਵਿੱਚ 18,841 ਕਰੋੜ ਰੁਪਏ ਹੋਣ ਨਾਲ 11.96 ਫ਼ੀਸਦ ਦੀ ਵਿਕਾਸ ਦਰ ਦਰਸਾਉਂਦੀ ਹੈ। ਅਪ੍ਰੈਲ, 2012 ਤੋਂ ਜਨਵਰੀ, 2013 ਦੀ ਵਾਸਤਵਿਕ ਵਸੂਲੀ 17,781 ਕਰੋੜ ਰੁਪਏ ਹੈ ਜੋ ਪਿਛਲੇ ਸਾਲ ਦੀ ਅਵਧੀ ਦੇ ਮੁਕਾਬਲੇ 17 ਫ਼ੀਸਦ ਦਾ ਵਾਧਾ ਦਰਸਾਉਂਦੀ ਹੈ। ਸਾਲ 2012-13 (ਸੋਧੇ ਅਨੁਮਾਨ) ਵਿੱਚ ਰਾਜ ਦੇ ਆਪਣੇ ਕਰ 24,318 ਕਰੋੜ ਰੁਪਏ ਹਨ ਜੋ ਸਾਲ 2011-12 (ਵਾਸਤਵਿਕ) ਵਿੱਚ 18,841 ਕਰੋੜ ਰੁਪਏ ਨਾਲ 29.07 ਫ਼ੀਸਦ ਵਿਕਾਸ ਦਰ ਦਰਸਾਉਂਦੇ ਹਨ। ਮੈਂ ਮਾਨਯੋਗ ਉੱਪ ਮੁੱਖ ਮੰਤਰੀ ਕਰ ਅਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨੂੰ ਵਧਾਈ ਦਿੰਦਾ ਹਾਂ, ਜਿਨਾਂ ਨੇ ਵੈਟ ਅਤੇ ਐਕਸਾਈਜ ਵਿੱਚ ਉਹ ਵਾਧਾ ਕੀਤਾ ਜੋ ਕਿ ਕਦੇ ਨਾ ਹੋਣ ਵਾਲਾ ਸੀ (ਥੰਪਿੰਗ) ਅਤੇ ਸਾਲ 2013-14 ਵਿੱਚ ਵੈਟ ਇਕੱਲਾ ਹੀ 20,000 ਕਰੋੜ ਰੁਪਏ ਤੋਂ ਵੱਧ ਹੋਵੇਗਾ। ਰਾਜ ਦੇ ਕੁੱਲ ਖੁਦ ਦੇ ਕਰ 2013-14 (ਬਜਟ ਅਨੁਮਾਨ) ਲਈ ਟੀਚਾ 28,524 ਕਰੋੜ ਰੁਪਏ ਹੈ ਜੋ ਕਿ ਸਾਲ 2012-13 (ਸੋਧੇ ਅਨੁਮਾਨ) ਦੇ ਮੁਕਾਬਲੇ 24,318 ਕਰੋੜ ਰੁਪਏ ਨਾਲ 17.30 ਫ਼ੀਸਦ ਦੀ ਵਿਕਾਸ ਦਰ ਪ੍ਰਾਪਤ ਕਰਦਾ ਹੈ।

18. ਰਾਜ ਦੇ ਆਪਣੇ ਕਰ ਮਾਲੀਆ ਦਾ ਜੀ.ਐਸ.ਡੀ.ਪੀ. ਨਾਲ ਅਨੁਪਾਤ ਜੋ ਕਿ ਸਾਲ 2011-12 ਵਿੱਚ 7.27 ਫ਼ੀਸਦ ਸੀ ਉਹ 2012-13 (ਸੋਧੇ ਅਨੁਮਾਨ) ਵਿੱਚ 8.22 ਫ਼ੀਸਦ ਅਤੇ 2013-14 (ਬਜਟ ਅਨੁਮਾਨ) ਵਿੱਚ 9.24 ਫ਼ੀਸਦ ਵਧ ਗਿਆ ਹੈ। ਸਾਲ 2010-11 ਵਿੱਚ ਜੀ.ਐਸ.ਡੀ.ਪੀ. ਅਤੇ ਰਾਜ ਦਾ ਕਰ ਅਨੁਪਾਤ ਦੂਜੇ ਵਿਕਸਿਤ ਰਾਜਾਂ ਜਿਵੇਂ ਕਿ ਗੁਜਰਾਤ (7.08 ਫ਼ੀਸਦ), ਹਰਿਆਣਾ (6.36 ਫ਼ੀਸਦ), ਮਹਾਰਸ਼ਟਰ (7.29 ਫ਼ੀਸਦ) ਅਤੇ ਆਂਧਰਾ ਪ੍ਰਦੇਸ਼ (7.66 ਫ਼ੀਸਦ) ਆਦਿ ਦੇ ਅਨੁਪਾਤਾਂ ਨਾਲ ਮੇਲ ਖਾਂਦਾ ਹੈ। ਸਾਲ 2011-12 ਵਿਚ ਵੈਟ ਵਸੂਲੀਆਂ (ਚੂੰਗੀ ਦੇ ਖਾਤਮੇ ਕਾਰਨ ਸ਼ਹਿਰੀ ਸਥਾਨਕ ਸੰਸਥਾਨਾਂ ਨੂੰ ਸਿੱਧੇ ਰੂਪ ਵਿਚ ਦਿੱਤੇ ਜਾਂਦੇ 11 ਫ਼ੀਸਦ ਤੋਂ ਇਲਾਵਾ) 11,172 ਕਰੋੜ ਰੁਪਏ ਅਤੇ 2012-13 ਵਿੱਚ (ਸੋਧੇ ਅਨੁਮਾਨ) 14,900 ਕਰੋੜ ਰੁਪਏ ਅਰਥਾਤ 33.37 ਫ਼ੀਸਦ ਦਾ ਵਿਕਾਸ ਹੋ ਜਾਣ ਦੀ ਸੰਭਾਵਨਾ ਹੈ। ਸਾਲ 2011-12 ਵਿਚ ਰਾਜ ਦਾ ਆਬਕਾਰੀ ਮਾਲੀਆ 2,755 ਕਰੋੜ ਰੁਪਏ ਅਤੇ 2012-13 (ਸੋਧੇ ਅਨੁਮਾਨ) ਵਿਚ 3,800 ਕਰੋੜ ਰੁਪਏ ਅਰਥਾਤ 37.93 ਫ਼ੀਸਦ ਹੋੋਂ ਜਾਣ ਦੀ ਸੰਭਾਵਨਾ ਹੈ। ਇਹ ਮੁੱਖ ਤੌਰ ਤੇ ਸਟੈਂਪ ਫੀਸ ਅਤੇ ਰਜਿਸਟ੍ਰੇਸ਼ਨ ਫੀਸ ਕਾਰਨ ਹੈ ਜਿਸ ਨੇ ਪੂਰਵਲੇ ਵਰ੍ਹਿਆਂ ਦੇ ਮੁਕਾਬਲੇ ਸਾਲ 2012-13 ਵਿਚ ਘੱਟ ਵਾਧਾ ਦਰਸਾਇਆ ਹੈ। ਜੇਕਰ ਇਹ ਨਹੀਂ

ਘਟਦਾ ਤਾਂ ਕਰ ਮਾਲੀਆ ਦੇ ਵਾਧੇ ਦੀ ਦਰ ਹੋਰ ਵੀ ਉਚੀ ਹੋ ਜਾਣੀ ਸੀ।

## ਰਾਜ ਦਾ ਆਪਣਾ ਗ਼ੈਰ ਕਰ ਮਾਲੀਆ

19. ਵੱਖ-ਵੱਖ ਵਿਭਾਗਾਂ ਜਿਵੇਂ ਕਿ ਸਿੰਜਾਈ, ਸ਼ਹਿਰੀ ਵਿਕਾਸ, ਪੁਲੀਸ, ਮਾਈਨਿੰਗ, ਸਿਹਤ, ਸਿੱਖਿਆ ਆਦਿ ਵਜੋਂ ਵਸੂਲੀਆ ਜਾਂਦੀਆਂ ਵਿਆਜ ਪ੍ਰਾਪਤੀਆਂ, ਲਾਟਰੀ ਪ੍ਰਾਪਤੀਆਂ, ਪੰਜਾਬ ਰੋਡਵੇਜ਼ ਪ੍ਰਾਪਤੀਆਂ ਅਤੇ ਖਪਤਕਾਰ ਵਸੂਲੀਆਂ/ਫੀਸਾਂ ਆਦਿ ਰਾਜ ਦੇ ਆਪਣੇ ਗ਼ੈਰ ਕਰ ਮਾਲੀਏ ਵਿਚ ਸ਼ਾਮਿਲ ਹਨ। ਪੰਜਾਬ ਰਾਜ ਲਈ ਗ਼ੈਰ ਕਰ ਮਾਲੀਆਂ ਤੋਂ ਯੋਗਦਾਨ ਇਸ ਦੇ ਆਪਣੇ ਮਾਲੀਆ ਪ੍ਰਾਪਤੀਆਂ ਦਾ ਕੇਵਲ 7.5 ਫ਼ੀਸਦ ਹੀ ਹੁੰਦਾ ਹੈ। ਰਾਜ ਕਿਸਾਨਾਂ ਅਤੇ ਸਮਾਜ ਦੇ ਦੂਜੇ ਗਰੀਬ ਵਰਗਾਂ ਦੀ ਸਹਾਇਤਾ ਲਈ ਵਚਨਬੱਧ ਹੈ ਅਤੇ ਇਸ ਲਈ ਮਾਲੀਆ ਪ੍ਰਾਪਤੀਆਂ ਵਿਚ ਖਪਤਕਾਰ ਵਸੂਲੀਆਂ ਵਿਚ ਵਾਧਾ ਕਰਕੇ ਗ਼ੈਰ ਕਰ ਮਾਲੀਆ ਵਿਚ ਯੋਗਦਾਨ ਦੀ ਬਹੁਤ ਹੀ ਸੀਮਤ ਗੁੰਜਾਇਸ਼ ਹੈ।

## ਕੇਂਦਰ ਸਪੁਰਦਗੀਆਂ

20. ਰਾਜ ਸਰਕਾਰ ਕੇਂਦਰੀ ਕਰ ਅਤੇ ਗ੍ਰਾਂਟਾਂ ਵਿਚ ਆਪਣੇ ਹਿੱਸੇ ਵਜੋਂ ਭਾਰਤ ਸਰਕਾਰ ਤੋਂ ਫੰਡ ਪ੍ਰਾਪਤ ਕਰਦੀ ਹੈ। ਕੇਂਦਰੀ ਕਰਾਂ ਅਤੇ ਗ਼ੈਰ ਯੋਜਨਾ ਗ੍ਰਾਂਟਾਂ ਵਿਚ ਹਿੱਸੇ ਦਾ ਨਿਯੰਤਰਣ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਦੁਆਰਾ ਕੀਤਾ ਜਾਂਦਾ ਹੈ। ਕੇਂਦਰੀ ਕਰਾਂ ਵਿਚ ਸਾਡਾ ਹਿੱਸਾ ਪੰਜਵੇਂ ਵਿੱਤ ਕਮਿਸ਼ਨ (1970-75) ਅਧੀਨ 2.45 ਫ਼ੀਸਦ ਤੋਂ ਘੱਟ ਕੇ 13ਵੇਂ ਵਿੱਤੀ ਕਮਿਸ਼ਨ (2010-15) ਅਧੀਨ 1.389 ਫ਼ੀਸਦ ਤੇ ਆ ਗਿਆ ਹੈ। ਕੇਂਦਰੀ ਕਰਾਂ ਦੀ ਸਪੁਰਦਗੀ ਲਈ ਫਾਰਮੂਲਾ ਆਬਾਦੀ, ਖੇਤਰ, ਪ੍ਰਤਿ ਜੀਅ ਆਮਦਨ ਅਤੇ ਮਾਲੀਆ ਪ੍ਰਾਪਤੀਆਂ ਦਾ ਮਾਲ ਆਮਦਨ ਖਰਚ ਨਾਲ ਅਨੁਪਾਤ 'ਤੇ ਅਧਾਰਤ ਹੈ। ਇਹ ਮਾਪਦੰਡ ਪੰਜਾਬ ਰਾਜ ਲਈ ਅਨੁਕੂਲ ਨਹੀਂ ਹੈ। ਸਾਲ 2012-13 (ਸੋਧੇ ਅਨੁਮਾਨ) ਵਿਚ ਕੇਂਦਰੀ ਸਪੁਰਦਗੀਆਂ ਸਾਲ 2011-12 ਦੇ 2,2441 ਕਰੋੜ ਰੁਪਏ ਦੇ ਮੁਕਾਬਲੇ 6,001 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ। ਭਾਰਤ ਸਰਕਾਰ ਨੇ ਜਨਵਰੀ 2013 ਵਿਚ ਡਾ. ਵਾਈ.ਵੀ.ਰੈਡੀ, ਸਾਬਕਾ ਗਰਵਰਨਰ, ਰਿਜ਼ਰਵ ਬੈਂਕ ਆਫ਼ ਇੰਡੀਆ ਦੀ ਚੇਅਰਮੈਨਸ਼ਿਪ ਅਧੀਨ 14ਵੇਂ ਵਿੱਤ ਕਮਿਸ਼ਨ ਦਾ ਗਠਨ ਕੀਤਾ ਹੈ। ਰਾਜ ਸਰਕਾਰ 14ਵੇਂ ਵਿੱਤ ਕਮਿਸ਼ਨ ਨੂੰ ਜੀ ਆਇਆਂ ਆਖਦੀ ਹੈ ਅਤੇ ਕਮਿਸ਼ਨ ਨੂੰ ਮੁਕੰਮਲ ਸਹਿਯੋਗ ਦਾ ਯਕੀਨ ਦਿਵਾਉਂਦੀ ਹੈ। ਰਾਜ ਸਰਕਾਰ ਕੇਂਦਰੀ ਕਰਾਂ ਅਤੇ ਗ੍ਰਾਂਟਾਂ ਵਿਚ ਆਪਣੇ ਹਿੱਸੇ ਦੀ ਪ੍ਰਾਪਤੀ ਲਈ ਜ਼ੋਰਦਾਰ ਮੰਗ ਕਰੇਗੀ ਅਤੇ ਕਮਿਸ਼ਨ ਤੋਂ ਵਧ ਰਹੇ ਕਰਜ਼ ਬੋਝ ਅਤੇ ਰਾਹਤ ਵੀ ਚਾਹੁੰਦੀ ਹੈ।

## ਪ੍ਰਤਿਬੱਧ ਦੇਣਦਾਰੀਆਂ

21. ਤਨਖਾਹਾਂ ਅਤੇ ਉਜਰਤਾਂ, ਪੈਨਸ਼ਨ ਅਤੇ ਰਿਟਾਇਰਮੈਂਟ ਲਾਭ, ਵਿਆਜ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਅਦਾਇਗੀਆਂ ਰਾਜ ਸਰਕਾਰ ਦੀਆਂ ਪ੍ਰਤੀਬੱਧ ਦੇਣਦਾਰੀਆਂ ਹਨ। ਪਿਛਲੇ ਸਾਲਾਂ ਵਿਚ ਇਨ੍ਹਾਂ ਦੇਣਦਾਰੀਆਂ ਦੇ ਖਰਚੇ ਵਿਚ ਵਾਧਾ ਹੁੰਦਾ ਰਿਹਾ ਹੈ। ਸਾਲ 2011-12 ਵਿਚ ਇਹ ਮਾਲੀ ਪ੍ਰਾਪਤੀਆਂ ਦਾ 92.78 ਫ਼ੀਸਦ ਸੀ ਅਤੇ ਸਾਲ 2011-13 (ਸੋਧੇ ਅਨੁਮਾਨ) ਵਿਚ 71.36 ਫ਼ੀਸਦ ਹੋ ਜਾਣ ਦੀ ਸੰਭਾਵਨਾ ਹੈ।

## ਤਨਖ਼ਾਹਾਂ ਅਤੇ ਉਜਰਤਾਂ

22. ਪੰਜਾਬ ਸਰਕਾਰ ਦੇ 3,15,969 ਕਰਮਚਾਰੀਆਂ ਦੀਆਂ ਤਨਖ਼ਾਹਾਂ ਅਤੇ ਉਜਰਤਾਂ ਕਾਰਨ ਰਾਜ ਸਰਕਾਰ ਦੇ ਖਰਚ ਵਿਚ ਕਈ ਗੁਣਾ ਵਾਧਾ ਹੋਇਆ ਹੈ ਜੋ ਸਾਲ 2007-08 ਵਿਚ 6,438 ਕਰੋੜ ਰੁਪਏ ਤੋਂ ਵੱਧ ਕੇ ਸਾਲ 2012-13 (ਸੋਧੇ ਅਨੁਮਾਨ) ਵਿਚ 15,184 ਕਰੋੜ ਰੁਪਏ ਹੋਇਆ ਹੈ। ਇਸ ਦੀ ਔਸਤ ਵਿਕਾਸ ਦਰ 18.02 ਫ਼ੀਸਦ ਹੈ। ਇਹ ਖਰਚ ਮੁੱਖ ਤੌਰ ਤੇ ਤਨਖ਼ਾਹ ਕਮਿਸ਼ਨ ਦੀਆਂ ਸਿਫ਼ਾਰਸਾਂ ਨੂੰ ਲਾਗੂ ਕਰਨ ਅਤੇ ਪਿਛਲੇ 2-3 ਸਾਲਾਂ ਦੌਰਾਨ ਕੀਤੀਆਂ ਨਵੀਆਂ ਨਿਯੁਕਤੀਆਂ ਕਾਰਨ ਵਧਿਆ ਹੈ। ਸਮੱਸਿਆਵਾਂ ਹੋਣ ਦੇ ਬਾਵਜੂਦ ਵੀ ਰਾਜ ਸਰਕਾਰ ਨੇ ਨਾ ਕੇਵਲ ਤਨਖ਼ਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕੀਤਾ ਹੈ ਸਗੋਂ ਬਹੁਤੇ ਕੇਸਾਂ ਵਿੱਚ ਸਾਲ 2011 ਦੀਆਂ ਸਿਫ਼ਾਰਸ਼ਾਂ ਤੋਂ ਵੀ ਕਿਤੇ ਵੱਧ ਲਾਭ ਦਿੱਤੇ ਗਏ ਹਨ।

## ਪੈਨਸ਼ਨ ਅਤੇ ਰਿਟਾਇਰਮੈਂਟ ਲਾਭ

23. ਰਾਜ ਵਿਚ 3 ਲੱਖ ਤੋਂ ਜਿਆਦਾ ਪੈਨਸ਼ਨਰ ਹਨ। ਤਨਖਾਹ- ਕਮਸ਼ਿਨ ਨੇ ਪੈਨਸ਼ਨਰਾਂ ਲਈ ਵੀ ਸ਼ਿਫ਼ਾਰਸ਼ਾਂ ਕੀਤੀਆਂ ਹਨ ਇਨ੍ਹਾਂ ਨੂੰ ਲਾਗੂ ਕੀਤਾ ਗਿਆ ਹੈ। ਪੈਨਸ਼ਨਰਾਂ ਅਤੇ ਰਿਟਾਇਰਮੈਂਟ ਤੇ ਸਾਲ 2007-08 ਵਿਚ 2,433 ਕਰੋੜ ਰੁਪਏ ਦਾ ਖਰਚ ਵੱਧ ਕੇ ਸਾਲ 2011-12 ਵਿਚ 5,657 ਕਰੋੜ ਰੁਪਏ ਹੋ ਗਿਆ ਹੈ। ਰਾਜ ਸਰਕਾਰ ਨੇ 01-10-2012 ਤੋਂ ਸਾਰੇ ਕਰਮਚਾਰੀਆਂ ਨੂੰ ਇਕ ਸਾਲ ਦਾ ਵਾਧਾ ਦਿੱਤਾ ਹੈ ਜਿਸ ਦੇ ਫਲਸਰੂਪ ਸਾਲ 2012-13 (ਸੋਧੇ ਅਨੁਮਾਨ) ਅਨੁਸਾਰ ਪੈਨਸ਼ਨ ਅਤੇ ਰਿਟਾਇਰਮੈਂਟ ਲਾਭਾਂ ਤੇ ਹੋਣ ਵਾਲਾ ਖਰਚ 5,854 ਕਰੋੜ ਰੁਪਏ ਤੋਂ ਵਧਣ ਦੀ ਸੰਭਾਵਨਾ ਨਹੀਂ ਹੈ।

## ਵਿਆਜ ਅਦਾਇਗੀਆਂ

24. ਰਾਜ ਸਰਕਾਰ ਆਪਣੇ 86,453 ਕਰੋੜ ਰੁਪਏ ਦੇ ਬਕਾਇਆ ਕਰਜ਼ ਲਈ ਸਾਲ 2012-13 (ਸੋਧੇ ਅਨੁਮਾਨ) 6,986 ਕਰੋੜ ਰੁਪਏ ਵਿਆਜ ਅਦਾ ਕਰੇਗੀ। ਸਾਲ 2007-08 ਵਿਚ ਵਿਆਜ ਦੀ ਦੇਣਦਾਰੀ ਕੇਵਲ 4,152 ਕਰੋੜ ਰੁਪਏ ਸੀ ਕਿਉਂਕਿ ਰਾਜ ਨੂੰ ਹਰ ਸਾਲ ਵੱਡੇ ਕਰਜ਼ ਲੈਣ ਲਈ ਮਜਬੂਰ ਕੀਤਾ ਜਾਂਦਾ ਹੈ, ਜਿਸ ਕਾਰਨ ਵਿਆਜ ਦੀ ਦੇਣਦਾਰੀ ਅਜੇ ਘਟ ਨਹੀਂ ਰਹੀ। ਮਾਲੀਆ ਪ੍ਰਾਪਤੀ ਦੀ

ਫ਼ੀਸਦ ਵਜੋਂ ਸਾਲ 2011-12 ਵਿਚ ਵਿਆਜ ਦੀ ਅਦਾਇਗੀ 23,94 ਫ਼ੀਸਦ ਸੀ ਜੋ ਕਿ 2012-13 (ਸੋਧੇ ਅਨੁਮਾਨ) ਵਿਚ 17.79 ਫ਼ੀਸਦ ਹੋਣ ਦੀ ਸੰਭਾਵਨਾ ਹੈ।

## ਬਿਜਲੀ ਰਿਆਇਤ

25. ਸਾਡੀ ਸਰਕਾਰ 10 ਲੱਖ ਕਿਸਾਨ ਪਰਿਵਾਰਾਂ ਨੂੰ ਮੁਫ਼ਤ ਬਿਜਲੀ ਮੁਹੱਈਆ ਕਰਨ ਲਈ ਵਚਨਬੱਧ ਹੈ ਅਤੇ ਰਾਜ ਵਿਚ 5 ਲੱਖ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ (ਬੀ. ਪੀ. ਐਲ) ਪਰਿਵਾਰਾਂ ਅਤੇ 18 ਲੱਖ ਐਸ.ਸੀ. ਪਰਿਵਾਰਾਂ ਨੂੰ 200 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾਂਦੀ ਹੈ। ਰੈਗੂਲੇਟਰੀ ਕਮਿਸ਼ਨ ਦੇ ਫੈਸਲੇ ਅਨੁਸਾਰ ਰਾਜ ਸਰਕਾਰ ਮੁਫ਼ਤ ਬਿਜਲੀ ਦੇ ਇਵਜ਼ ਵਿਚ ਪੰਜਾਬ ਰਾਜ ਕਾਰਪੋਰੇਸ਼ਨ ਨੂੰ ਮੁਆਵਜ਼ਾ ਅਦਾ ਕਰਦੀ ਹੈ। 2007-08 ਦੀ ਸਾਲਾਨਾ ਦੇਣਦਾਰੀ 2,543 ਕਰੋੜ ਰੁਪਏ ਤੋਂ ਵਧ ਕੇ ਸਾਲ 2012-13 ਵਿੱਚ 5,511 ਕਰੋੜ ਰੁਪਏ ਹੋ ਗਈ ਹੈ। ਸਾਲ 2013-14 ਲਈ 5,785 ਕਰੋੜ ਰੁਪਏ ਦਾ ਬਜਟ ਉਪਬੰਧ ਰੱਖਿਆ ਗਿਆ ਹੈ।

## ਵਿਕਾਸ ਖਰਚੇ

26. ਰਾਜ ਸਰਕਾਰ ਵੱਲੋਂ ਆਰਥਿਕ ਅਤੇ ਸਮਾਜਿਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੀਤੇ ਜਾ ਰਹੇ ਖਰਚ ਕਾਰਨ ਰਾਜ ਦੇ ਵਿਕਾਸ ਖਰਚਿਆਂ ਵਿਚ ਵਾਧਾ ਹੋਇਆ ਹੈ। ਸਮਾਜਿਕ ਖੇਤਰ ਦੀਆਂ ਸੇਵਾਵਾਂ ਵਿੱਚ, ਜਿਵੇਂ ਸਿੱਖਿਆ, ਖੇਡਾਂ, ਕਲਾ ਅਤੇ ਸਭਿਆਚਾਰ, ਮੈਡੀਕਲ ਅਤੇ ਜਨ ਸਿਹਤ, ਪਰਿਵਾਰ ਭਲਾਈ, ਜਲ ਸਪਲਾਈ ਅਤੇ ਸਵੱਛਤਾ, ਮਕਾਨ ਉਸਾਰੀ, ਸ਼ਹਿਰੀ ਵਿਕਾਸ, ਸੂਚਨਾ ਅਤੇ ਪ੍ਰਸਾਰ, ਕਿਰਤ ਅਤੇ ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਅਤੇ ਭਲਾਈ ਆਦਿ ਸ਼ਾਮਲ ਹਨ। ਆਰਥਿਕ ਖੇਤਰ ਦੀਆਂ ਸੇਵਾਵਾਂ ਵਿੱਚ ਖੇਤੀਬਾੜੀ ਅਤੇ ਸਬੰਧਿਤ ਧੰਦੇ, ਪੇਂਡੂ ਵਿਕਾਸ, ਸਿੰਜਾਈ ਅਤੇ ਹੜ੍ਹ ਨਿਯੰਤਰਣ, ਊਰਜਾ ਉਦਯੋਗ ਅਤੇ ਖਣਿਜ, ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਆਦਿ ਸ਼ਾਮਲ ਹਨ। ਵਿਕਾਸ ਖਰਚਿਆਂ ਵਿੱਚ ਕਈ ਗੁਣਾ ਵਾਧਾ ਹੋਇਆ ਜੋ ਕਿ ਲੋਕ ਭਲਾਈ ਲਈ ਸਰਕਾਰ ਵੱਲੋਂ ਕੀਤੀਆਂ ਵਚਨਬੱਧਤਾਵਾਂ ਨੂੰ ਦੁਹਰਾਉਂਦਾ ਹੈ। ਸਾਲ 2007-08 ਵਿਚ 11,869 ਕਰੋੜ ਦੀ ਰਾਸ਼ੀ ਦੇ ਮੁਕਾਬਲੇ ਸਾਲ 2011-12 ਵਿਚ ਇਹ ਵਾਧਾ 16,913 ਕਰੋੜ ਰੁਪਏ ਦਾ ਹੋ ਗਿਆ ਹੈ। ਕੁਲ ਖਰਚ ਦੀ ਫ਼ੀਸਦ ਵਜੋਂ ਵਿਕਾਸ ਖਰਚ ਸਾਲ 2007-08 ਵਿਚ 47.00 ਫ਼ੀਸਦ ਤੋਂ ਵੱਧ ਕੇ ਸਾਲ 2011-12 ਵਿਚ 48.82 ਫ਼ੀਸਦ ਹੋਇਆ ਹੈ ਅਤੇ ਸਾਲ 2012-13 (ਸੋਧੇ ਅਨੁਮਾਨ) ਵਿਚ 28.525 ਕਰੋੜ ਰੁਪਏ ਜੋ ਕੁੱਲ ਖਰਚ ਦਾ 58.75 ਫ਼ੀਸਦ ਬਣਦਾ ਹੈ, ਹੋਣ ਦੀ ਸੰਭਾਵਨਾ ਹੈ। ਮਾਣਯੋਗ ਮੈਂਬਰਾਂ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਪ੍ਰਤੀਕੂਲ ਮਾਲੀ ਸਮੱਸਿਆਵਾਂ ਦੇ ਬਾਵਜੂਦ ਵੀ ਸਰਕਾਰ ਪਿਛਲੇ ਸਾਲਾਂ ਦੌਰਾਨ ਵਿਕਾਸ ਖਰਚਿਆਂ ਵਿੱਚ ਵਾਧਾ ਕਰਨ ਦੇ ਯੋਗ ਹੋ ਸਕਦੀ ਹੈ। ਸਾਲ 2013-14 (ਬਜਟ ਅਨੁਮਾਨ) ਵਿੱਚ ਇਸ ਦੀ 30,621 ਕਰੋੜ ਰੁਪਏ ਤੱਕ ਵੱਧ ਜਾਣ ਦੀ ਸੰਭਾਵਨਾ ਹੈ।

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

## ਕਰਮਚਾਰੀਆਂ ਅਤੇ ਪੈਨਸ਼ਨਰਾਂ ਦੀ ਭਲਾਈ

27. ਪੰਜਾਬ ਉਨ੍ਹਾਂ ਕੁਝ ਰਾਜਾਂ ਵਿਚੋਂ ਹੈ, ਜੋ ਸਮੇਂ ਸਮੇਂ ਤੇ ਆਪਣਾ ਤਨਖਾਹ ਕਮਿਸ਼ਨ ਗਠਿਤ ਕਰਦੇ ਹਨ, ਜਦੋਂ ਕਿ ਹੋਰ ਰਾਜ ਆਮ ਤੌਰ ਤੇ ਕੇਂਦਰੀ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੇ ਨਿਰਭਰ ਕਰਦੇ ਜਾਂ ਅਪਣਾਉਂਦੇ ਹਨ। ਰਾਜ ਸਰਕਾਰ ਨੇ ਪੰਜਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਸਫ਼ਲਤਾ ਪੂਰਵਕ ਲਾਗੂ ਕੀਤਾ ਹੈ। ਅਸਲ ਵਿਚ ਵੱਡੀ ਗਿਣਤੀ ਵਿਚ ਵਰਗਾਂ ਨੂੰ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੋਂ ਕਿਤੇ ਜ਼ਿਆਦਾ ਲਾਭ ਦਿੱਤੇ ਗਏ ਹਨ। ਸਰਕਾਰ ਕਮਚਾਰੀਆਂ ਨੂੰ 70 ਫ਼ੀਸਦ ਅਤੇ ਪੈਨਸ਼ਨਰਾਂ ਨੂੰ 67 ਫ਼ੀਸਦ ਬਕਾਏ ਦੀ ਅਦਾਇਗੀ ਪਹਿਲਾਂ ਹੀ ਕਰ ਚੁੱਕੀ ਹੈ। ਬਾਕੀ ਰਹਿੰਦਾ ਬਕਾਇਆ ਵਿੱਤੀ ਸਾਲ 2013-14 ਵਿਚ ਅਦਾ ਕਰ ਦਿੱਤਾ ਜਾਵੇਗਾ। ਪੈਨਸ਼ਨਰਾਂ ਦੇ ਬਕਾਏ ਦੀ ਅੰਤਿਮ ਕਿਸ਼ਤ ਦੀ ਅਦਾਇਗੀ ਚਾਲੂ ਵਿੱਤੀ ਸਾਲ 2012-13 ਵਿੱਚ ਕੀਤੀ ਜਾਣੀ ਸੀ ਪਰ ਕੁੱਝ ਵਿਤੀ ਮਜਬੂਰੀਆਂ ਕਾਰਨ ਅਸੀਂ ਆਪਣੀ ਵਚਨਬੱਧਤਾ ਪੂਰੀ ਨਹੀਂ ਕਰ ਸਕੇ ਅਤੇ ਇਸ ਨੂੰ ਅਸੀਂ ਅਗਲੇ ਸਾਲ 2013-14 ਤੱਕ ਅੱਗੇ ਪਾਇਆ ਹੈ। ਮੈਂ ਆਪਣੇ ਪੈਨਸ਼ਨਰਾਂ ਦਾ ਉਨ੍ਹਾਂ ਵੱਲੋਂ ਦਿੱਤੇ ਸਹਿਯੋਗ ਅਤੇ ਮਿਲਵਰਤਨ ਲਈ ਧੰਨਵਾਦ ਕਰਦਾ ਹਾਂ। ਸਾਲ 2012-13 ਵਿਚ ਸਮਾਪਤ ਕੀਤੀ ਐਲ.ਟੀ.ਸੀ. ਦੀ ਸੁਵਿਧਾ ਨੂੰ 2013-14 ਵਿਚ ਮੁੜ ਬਹਾਲ ਕਰ ਦਿੱਤਾ ਜਾਵੇਗਾ।

## ਖਜਾਨਿਆਂ ਦਾ ਕੰਪਿਊਟਰੀਕਰਨ

28. ਵਿੱਤ ਵਿਭਾਗ ਨੇ ਰਾਜ ਵਿਚ ਇੰਟਿਗ੍ਰੇਟਿਡ ਫਾਈਨੈਂਸ਼ੀਅਲ ਮੈਨੇਜਮੈਂਟ ਸਿਸਟਮ (ਆਈ.ਐਫ.ਐਮ.ਐਸ.) ਨੂੰ ਲਾਗੂ ਕੀਤਾ ਹੈ। ਆਈ.ਐਫ.ਐਮ.ਐਸ. ਨੇ ਵਿੱਤ ਵਿਭਾਗ ਦੀ ਸਮੁੱਚੀ ਕਾਰਜ ਪ੍ਰਣਾਲੀ ਨੂੰ ਸਵੈ-ਚਾਲਿਤ ਕਰ ਦਿੱਤਾ ਹੈ ਜਿਸ ਵਿੱਚ ਬਜਟ ਦੀ ਤਿਆਰੀ, ਫੰਡਾਂ ਦਾ ਵਿਤਰਣ ਅਤੇ ਰਾਜ ਦੇ ਸਮੂਹ ਜ਼ਿਲ੍ਹਿਆਂ ਦੇ 72 ਉਪ-ਖਜਾਨਿਆਂ ਵਿਚ ਲੇਖੇ ਅਤੇ ਪ੍ਰਾਪਤੀਆਂ ਅਤੇ ਭੁਗਤਾਨ ਸ਼ਾਮਲ ਹਨ। ਯੋਜਨਾ ਵਿਭਾਗ ਯੋਜਨਾ ਉਲੀਕਣ ਲਈ ਆਈ.ਐਫ.ਐਮ.ਐਸ. ਦੀ ਵਰਤੋਂ ਕਰਦਾ ਹੈ। ਹੋਰ ਪ੍ਰਬੰਧਕੀ ਵਿਭਾਗ ਜਿਨ੍ਹਾਂ ਵਿਚ ਕਾਰਜ ਵਿਭਾਗ ਵੀ ਸ਼ਾਮਲ ਹਨ, ਆਈ.ਐਫ.ਐਮ.ਐਸ. ਦੀ ਵਰਤੋਂ ਆਨਲਾਈਨ ਬਿਲਾਂ/ਦਾਅਵਿਆਂ ਅਤੇ ਭੁਗਤਾਨਾਂ ਦੀ ਮਨਜ਼ੂਰੀ ਲਈ ਕਰਦੇ ਹਨ। ਰਾਜ ਸਰਕਾਰ ਆਈ.ਐਫ.ਐਮ.ਐਸ. ਰਾਹੀਂ ਕਾਰਜ ਪ੍ਰਣਾਲੀ ਵਿਚ ਵੱਡੇ ਪੱਧਰ ਤੇ ਸੁਧਾਰ ਲਿਆਉਣ ਲਈ ਵਚਨਬੱਧ ਹੈ।

29. ਸਰਕਾਰੀ ਭੁਗਤਾਨਾਂ ਨੂੰ ਸਰਲ ਬਣਾਉਣ ਲਈ ਸਭ ਤੋਂ ਪਹਿਲਾਂ ਸ਼ੁਰੂ ਕੀਤੀ ਜਾਣ ਵਾਲੀ ਸੁਵਿਧਾ ਹੈ। ਇਲੈਕਟ੍ਰੋਨਿਕ ਕਲੀਅਰਿੰਗ ਸਿਸਟਮ (ਈਸੀਐਸ) ਜਾਂ ਸਿੱਧੇ ਜਮ੍ਹਾਂ ਸੁਵਿਧਾ ਹੈ। ਸਾਰੇ ਸਰਕਾਰੀ ਭੁਗਤਾਨ ਪਾਰਟੀ (ਕਰਮਚਾਰੀ, ਵਿਭਾਗ ਅਤੇ ਵਿਕਰੇਤਾ ਆਦਿ) ਖਾਤਿਆਂ ਵਿੱਚ ਜਮ੍ਹਾਂ ਕੀਤੇ ਜਾਣਗੇ। ਇਸ ਨੂੰ ਚੰਡੀਗੜ੍ਹ ਅਤੇ ਲੁਧਿਆਣਾ ਜ਼ਿਲ੍ਹੇ ਵਿਚ ਸਫ਼ਲਤਾ ਪੂਰਵਕ ਅਮਲ ਵਿਚ ਲਿਆਂਦਾ ਗਿਆ ਹੈ ਅਤੇ ਮਾਰਚ, 2013 ਦੇ ਅੰਤ ਤੱਕ ਰਾਜ ਦੇ ਬਾਕੀ ਜ਼ਿਲ੍ਹਿਆਂ ਵਿੱਚ ਵੀ ਵਰਤੋਂ ਵਿੱਚ

ਲਿਆਂਦਾ ਜਾਵੇਗਾ। ਇਹ ਫ਼ੈਸਲਾ ਕੀਤਾ ਗਿਆ ਹੈ ਕਿ ਅਗਲੇ ਵਿੱਤੀ ਵਰ੍ਹੇ ਵਿੱਚ ਖ਼ਜ਼ਾਨਿਆਂ ਵੱਲੋਂ ਚੈੱਕ ਜਾਰੀ ਨਹੀਂ ਕੀਤੇ ਜਾਣਗੇ। ਇਸ ਲਈ ਸਾਰੇ ਸਰਕਾਰੀ ਭੁਗਤਾਨ ਆਨ-ਲਾਈਨ ਹੋਣਗੇ। ਪੰਜਾਬ ਦੇਸ਼ ਦੇ ਉਨ੍ਹਾਂ ਮੁੱਢਲੇ ਸੂਬਿਆਂ ਵਿਚੋਂ ਇਕ ਹੈ ਜਿਸ ਨੇ ਨਿੱਜੀ ਦਖ਼ਲ ਅੰਦਾਜ਼ੀਆਂ ਅਤੇ ਗਲਤੀਆਂ ਨੂੰ ਘੱਟ ਕਰਨ ਲਈ ਡਾਟਾ ਕੈਪਚਰਿੰਗ ਤੇ ਮੁੱਖ ਧਿਆਨ ਦਿੰਦਿਆਂ ਮੁਕੰਮਲ ਵਿੱਤੀ ਸਾਈਕਲ (ਯੋਜਨਾਬੰਦੀ, ਬਜਟ ਬਣਾਉਣ ਅਤੇ ਭੁਗਤਾਨ ਕਰਨ) ਨੂੰ ਸਵੈਚਲਿਤ ਕਰਨਾ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਵਿੱਤੀ ਸਾਲ 2012-13 ਤੋਂ ਬਜਟ ਦੀ ਤਿਆਰੀ ਇਸੇ ਵਿਧੀ ਦੁਆਰਾ ਕੀਤੀ ਜਾ ਰਹੀ ਹੈ ਅਤੇ ਹੁਣ ਨਿਸ਼ਚਿਤ ਰੂਪ ਵਿਚ ਇਸ ਨੂੰ ਦੂਸਰੇ ਵਿਭਾਗਾਂ ਵਿਚ ਵੀ ਪਸਾਰਿਆ ਜਾਵੇਗਾ।

## ਯੋਜਨਾ ਤਜਵੀਜ਼ਾਂ

30. ਗਿਆਰਵੀਂ ਯੋਜਨਾ ਦੇ ਸਮੇਂ ਦੌਰਾਨ ਯੋਜਨਾ ਕਾਰਗੁਜ਼ਾਰੀ 81 ਫ਼ੀਸਦ ਸੀ। ਸਾਲ 2011-12 ਦੇ 65 ਫ਼ੀਸਦ ਦੇ ਮੁਕਾਬਲੇ 2012-13 ਦੌਰਾਨ ਵੀ ਸੰਭਾਵਿਤ ਪ੍ਰਾਪਤੀ 70 ਫ਼ੀਸਦ ਹੈ। ਸਾਲ 2013-14 ਦੀ ਸਾਲਾਨਾ ਯੋਜਨਾ ਦਾ ਉਪਬੰਧ ਪੂਰਬਲੇ ਸਾਲ ਦੇ 14,000 ਕਰੋੜ ਰੁਪਏ ਦੇ ਮੁਕਾਬਲੇ 16,123 ਕਰੋੜ ਰੁਪਏ ਹੈ। ਜਿਹੜਾ ਕਿ 15 ਪ੍ਰਤੀਸ਼ਤ ਵੱਧ ਹੈ। ਸਾਲਾਨਾ ਯੋਜਨਾ 2013-14 ਵਿਚ ਬਿਜਲੀ, ਸੜਕਾਂ, ਪੇਂਡੂ ਜਲ ਸਪਲਾਈ ਅਤੇ ਸਵੱਛਤਾ, ਜਲ ਸਪਲਾਈ, ਸੀਵਰੇਜ ਅਤੇ ਮਿਊਂਸਿਪਲ ਖੇਤਰਾਂ ਵਿਚ ਗੰਦਾ ਪਾਣੀ ਸ਼ੁੱਧੀਕਰਣ ਪਲਾਟਾਂ ਆਦਿ ਉਪਰ ਧਿਆਨ ਕੇਂਦਰਿਤ ਕੀਤਾ ਗਿਆ ਹੈ। ਬਾਲੜੀਆਂ ਅਤੇ ਔਰਤਾਂ ਦੇ ਸਸ਼ਕਤੀਕਰਨ ਉਪਰ ਵਿਸ਼ੇਸ਼ ਧਿਆਨ ਦੇਣ ਦੇ ਨਾਲ ਨਾਲ ਸਿਹਤ ਅਤੇ ਸਿੱਖਿਆ, ਸਾਲਾਨਾ ਯੋਜਨਾ ਦੇ ਵਿਸ਼ੇਸ਼ ਜ਼ੋਰ ਦਿੱਤੇ ਜਾਣ ਵਾਲੇ ਖੇਤਰ ਰਹੇ ਹਨ।

31. ਸ਼੍ਰੀਮਾਨ ਸਪੀਕਰ ਸਾਹਿਬ, ਹੁਣ ਮੈਂ ਸਾਲ 2013-14 ਲਈ ਯੋਜਨਾ ਤਜਵੀਜ਼ਾਂ ਪੇਸ਼ ਕਰਦਾ ਹਾਂ।

## ਖੇਤੀਬਾੜੀ

32. ਰਾਜ ਸਰਕਾਰ ਨੇ ਰਾਜ ਵਿਚ ਖੇਤੀਬਾੜੀ ਅਤੇ ਸਬੰਧਿਤ ਖੇਤਰਾਂ ਦੇ ਵਿਕਾਸ ਨੂੰ ਉਚ-ਤਰਜੀਹ ਦਿੱਤੀ ਹੈ। ਸਾਲ 2012-13 ਦੌਰਾਨ ਇਸ ਖੇਤਰ ਵਿਚ 440 ਕਰੋੜ ਰੁਪਏ ਖਰਚ ਕੀਤੇ ਗਏ ਹਨ। ਸਾਲ 2013-14 ਲਈ ਉਪਬੰਧ 1063 ਕਰੋੜ ਰੁਪਏ ਰੱਖਿਆ ਗਿਆ ਹੈ (ਥੰਪਿੰਗ) ਇਸ ਵਿਚ ਰਾਜ ਦੇ ਹਿੱਸੇ ਦੇ 790 ਕਰੋੜ ਰੁਪਏ ਅਤੇ ਕੇਂਦਰੀ ਸਹਾਇਤਾ ਦੇ 273 ਕਰੋੜ ਰੁਪਏ ਸ਼ਾਮਿਲ ਹਨ। ਫ਼ਸਲ ਕਾਸ਼ਤਕਾਰੀ ਅਤੇ ਖੋਜ ਦੀਆਂ ਮਹੱਤਵਪੂਰਨ ਸਕੀਮਾਂ ਇਸ ਪ੍ਰਕਾਰ ਹਨ-

- 300 ਕਰੋੜ ਰੁਪਏ- ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਲਈ
- 200 ਕਰੋੜ ਰੁਪਏ- ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਆਰ.ਕੇ.ਵੀ.ਆਈ.) ਅਧੀਨ ਖੇਤੀਬਾੜੀ ਅਤੇ ਸਬੰਧਿਤ ਸੈਕਟਰਾਂ ਦੀ ਮਜ਼ਬੂਤੀ ਲਈ।

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

- 100 ਕਰੋੜ ਰੁਪਏ- ਕੌਮੀ ਬਾਗਬਾਨੀ ਮਿਸ਼ਨ ਲਈ।
- 85 ਕਰੋੜ ਰੁਪਏ- ਮੁੱਖ ਪ੍ਰੋਗਰਾਮਾਂ ਜਿਵੇਂ ਕਿ ਮੈਕਰੋ ਮੈਨੇਜਮੈਂਟ, ਤੇਲ ਬੀਜਾਂ ਲਈ ਸੰਗਠਿਤ ਸਕੀਮ, ਦਾਲਾਂ ਅਤੇ ਮੱਕੀ, ਰਾਜ ਵਿਸਤਾਰ ਪ੍ਰੋਗਰਾਮ, ਘਣੀ ਕਪਾਹ ਵਿਕਾਸ ਪ੍ਰੋਗਰਾਮ ਆਦਿ ਲਈ।
- 10 ਕਰੋੜ ਰੁਪਏ- ਖੱਟਾ ਪ੍ਰਜਾਤੀ ਮਿਲਖਾਂ ਦੇ ਮਜ਼ਬੂਤੀਕਰਨ ਲਈ
- 10 ਕਰੋੜ ਰੁਪਏ- ਖੇਤੀਬਾੜੀ ਬੀਮੇ ਲਈ
- 5 ਕਰੋੜ ਰੁਪਏ- ਅਜੀਤਗੜ੍ਹ ਵਿਖੇ ਦਫ਼ਤਰੀ ਇਮਾਰਤ (ਖੇਤੀ ਭਵਨ) ਦੀ ਮੁਕੰਮਲਤਾ ਲਈ।
- 5 ਕਰੋੜ ਰੁਪਏ- ਬਾਗਬਾਨੀ ਦੁਆਰਾ ਵਿਭਿੰਨਤਾ ਲਈ

33. ਮੈਂ, ਸਾਲ 2012-13 ਲਈ ਕਣਕ ਅਤੇ ਝੋਨੇ ਦੇ ਰਿਕਾਰਡ ਉਤਪਾਦਨ ਅਤੇ ਖਰੀਦ ਲਈ ਕਿਸਾਨਾਂ ਨੂੰ ਵਧਾਈ ਦਿੰਦਾ ਹਾਂ। ਹਾੜੀ ਮੰਡੀਕਰਨ ਸੀਜ਼ਨ 2012 ਵਿਚ ਕਣਕ ਦਾ ਉਤਪਾਦਨ 180 ਲੱਖ ਮੀਟਰਕ ਟਨ ਸੀ ਜਿਸ ਵਿਚੋਂ 129 ਮੀਟਰਕ ਟਨ ਕਣਕ ਪ੍ਰਾਪਤ ਕੀਤੀ ਗਈ ਸੀ। ਸਾਉਣੀ ਮੰਡੀਕਰਣ ਸੀਜਨ 2012 ਦੌਰਾਨ ਝੋਨੇ ਦਾ ਉਤਪਾਦਨ 157 ਲੱਖ ਮੀਟਰਕ ਟਨ ਦੇ ਲਗਭਗ ਸੀ, ਜਿਸ ਵਿਚੋਂ 128 ਲੱਖ ਮੀਟਰਕ ਟਨ ਝੋਨਾ ਪ੍ਰਾਪਤ ਕੀਤਾ ਗਿਆ ਸੀ। ਰਾਜ ਸਰਕਾਰ ਨੇ ਬੀਜਾਂ, ਖਾਦਾਂ ਅਤੇ ਦੂਜੀਆਂ ਇਨਪੁਟਸ ਦੀ ਉਚਿਤ ਸਪਲਾਈ ਨੂੰ ਯਕੀਨੀ ਬਣਾਇਆ, ਕਿਸਾਨਾਂ ਨੂੰ ਮੁਫਤ ਬਿਜਲੀ ਸਪਲਾਈ ਕੀਤੀ ਗਈ ਅਤੇ ਸਾਲ 2012-13 ਦੌਰਾਨ ਹੋਇਆ ਖਰਚ 5511 ਕਰੋੜ ਰੁਪਏ ਹੈ। ਤਿੰਨ ਵਿਸ਼ੇਸ਼ ਮੁੱਦੇ ਭਾਰਤ ਸਰਕਾਰ ਕੋਲ ਉਚਤਮ ਪੱਧਰਾਂ ਤੇ ਉਠਾਏ ਗਏ ਹਨ, ਪ੍ਰੰਤੂ ਇਸ ਵਿੱਚ ਬਹੁਤ ਨਿਗੂਣੀ ਸਫਲਤਾ ਹੀ ਮਿਲੀ ਹੈ। ਕਣਕ ਅਤੇ ਝੋਨਾ, ਦੋਵਾਂ ਲਈ ਘੱਟੋ ਘੱਟ ਸਮਰਥਨ ਮੁੱਲ ਨਾਕਾਫੀ ਰਿਹਾ ਅਤੇ ਇਹ ਪ੍ਰਸਿੱਧ ਖੇਤੀ ਅਰਥ ਸ਼ਾਸਤਰੀ ਡਾ. ਐਮ.ਐਸ. ਸਵਾਮੀਨਾਥਨ ਵੱਲੋਂ ਸੁਝਾਏ ਗਏ ਉਤਪਾਦਨ ਲਾਗਤ ਜਮ੍ਹਾਂ 50 ਫ਼ੀਸਦ ਮੁਨਾਫੇ ਦੇ ਫਾਰਮੂਲੇ ਦੇ ਬਰਾਬਰ ਹੋਣਾ ਚਾਹੀਦਾ ਹੈ। ਰਾਜ ਸਰਕਾਰ ਨੇ ਭਾਰਤ ਸਰਕਾਰ ਨੂੰ ਅਨਾਜਾਂ ਦੇ ਭੰਡਾਰ ਦੀ ਸਮੱਸਿਆ ਅਤੇ ਅਨਾਜਾਂ ਦੀ ਧੀਮੀ ਢੋਆ-ਢੁਆਈ ਦੀ ਸਮੱਸਿਆ ਨੂੰ ਦੂਰ ਕਰਨ ਲਈ ਸੀਲੋਜ਼ ਦੇ ਰੂਪ ਵਿਚ 20 ਲੱਖ ਮੀਟਰਕ ਟਨ ਦੇ ਵਿਗਿਆਨਕ ਭੰਡਾਰਨ ਦੀ ਵਿਵਸਥਾ ਕਰਨ ਲਈ ਬੇਨਤੀ ਕੀਤੀ ਹੈ। ਤੀਜਾ ਮਹੱਤਵਪੂਰਨ ਮੁੱਦਾ ਹੈ ਕਿ ਐਫ.ਸੀ.ਆਈ/ਭਾਰਤ ਸਰਕਾਰ ਕੋਲ ਖ਼ਰੀਦ ਵਜੋਂ ਅਦਾਇਗੀਯੋਗ ਏਜੰਸੀਆਂ ਦੇ 7461 ਕਰੋੜ ਰੁਪਏ ਦੇ ਰਹਿੰਦੇ ਬਕਾਏ ਜਿਸ ਵਿੱਚ 7000 ਕਰੋੜ ਰੁਪਏ ਦਾ ਵਿਆਜੀ ਹਿੱਸਾ ਸ਼ਾਮਿਲ ਨਹੀਂ ਹੈ, ਜਾਰੀ ਕੀਤੇ ਜਾਣ।

34. ਗਿਆਰਵੀਂ ਯੋਜਨਾ ਦੀ ਅਵਧੀ ਦੌਰਾਨ ਕੌਮੀ ਪੱਧਰ ਤੇ ਖੇਤੀਬਾੜੀ ਸੈਕਟਰ ਦੇ 4

ਫ਼ੀਸਦ ਦੀ ਦਰ ਨਾਲ ਵਿਕਾਸ ਦਾ ਟੀਚਾ ਮਿੱਥਿਆ ਗਿਆ ਸੀ ਜਿਸ ਦੇ ਮੁਕਾਬਲੇ ਰਾਜ ਨੇ 1.67 ਫ਼ੀਸਦ ਦੇ ਟੀਚੇ ਨੂੰ ਪ੍ਰਾਪਤ ਕੀਤਾ ਹੈ। ਇਹ ਮੁੱਖ ਤੌਰ ਤੇ ਨਵੀਆਂ ਵਧੇਰੇ ਝਾੜ ਵਾਲੀਆਂ ਕਿਸਮਾਂ ਵਿਚ ਵਿਗਿਆਨਕ ਪੁਲਾਂਘ ਦੀ ਅਣਹੋਂਦ ਕਾਰਨ ਉਤਪਾਦਕਤਾ ਵਿੱਚ ਖੜੋਤ ਕਾਰਨ ਹੈ। ਇਸ ਤੋਂ ਇਲਾਵਾ ਘੱਟੋ ਘੱਟ ਸਹਾਇਕ ਮੁੱਲ ਵਿਚ ਸਾਲਾਨਾ ਵਾਧਾ ਪਰਸਾਰ ਦੀ ਦਰ ਦੇ ਅਨੁਕੂਲ ਨਹੀਂ ਹੈ ਅਤੇ ਵਾਸਤਵਿਕ ਅਰਥਾਂ ਵਿਚ ਪਿਛਲੇ ਵਰ੍ਹਿਆਂ ਦੌਰਾਨ ਘੱਟੋ ਘੱਟ ਸਮਰਥਨ ਮੁੱਲ ਵਿਚ ਨਿਘਾਰ ਆਇਆ ਹੈ।

35. ਧਰਤੀ ਹੇਠਲੇ ਪਾਣੀ ਦੇ ਘਟਦੇ ਪੱਧਰ ਅਤੇ ਜ਼ਮੀਨਾਂ ਦੇ ਨਿਘਾਰ ਦੇ ਸਬੰਧ ਵਿੱਚ ਘਣੀ ਖੇਤੀ ਦਾ ਦੌਰ ਮਹਿੰਗਾ ਸਾਬਤ ਹੋਇਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਉਤਪਾਦਕਤਾ ਪੱਧਰਾਂ ਨੂੰ ਵਧਾਉਣ ਅਤੇ ਕੌਮ ਲਈ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਾਲ 2012-13 ਦੇ ਮੇਰੇ ਬਜਟ ਭਾਸ਼ਣ ਦੌਰਾਨ ਮੈਂ ਇਹ ਯਕੀਨ ਦਿਵਾਇਆ ਸੀ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ 2011-12 ਵਿਚ ਦਿੱਤੀ 124 ਕਰੋੜ ਰੁਪਏ ਦੀ ਸਹਾਇਤਾ ਨੂੰ ਵਧਾ ਕੇ 2012-13 ਵਿਚ 189 ਕਰੋੜ ਕੀਤਾ ਜਾਵੇਗਾ। ਮਾਨਯੋਗ ਮੈਂਬਰਾਂ ਨੂੰ ਇਹ ਦੱਸਦਿਆਂ ਮੈਨੂੰ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ 220 ਕਰੋੜ ਰੁਪਏ ਦੀ ਰਕਮ ਪਹਿਲਾਂ ਹੀ ਯੂਨੀਵਰਸਿਟੀ ਨੂੰ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਇਹ 270 ਕਰੋੜ ਰੁਪਏ ਤੱਕ ਜਾ ਸਕਦੀ ਹੈ। ਇਸ ਦੇ ਮੁਕਾਬਲੇ ਸਾਲ 2013-14 ਲਈ ਯੂਨੀਵਰਸਿਟੀ ਲਈ ਰਾਖਵਾਂਕਰਨ 300 ਕਰੋੜ ਰੁਪਏ ਅਰਥਾਤ 11 ਫ਼ੀਸਦ ਦਾ ਵਾਧਾ ਹੈ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਕਰਮਚਾਰੀਆਂ ਦੇ ਤਨਖਾਹ ਕਮਿਸ਼ਨ ਸਬੰਧੀ ਬਕਾਇਆਂ ਦਾ ਨਿਪਟਾਰਾ ਸਾਲ 2013-14 ਦੀ ਪਹਿਲੀ ਤਿਮਾਹੀ ਵਿੱਚ ਕਰ ਦਿੱਤਾ ਜਾਵੇਗਾ।

36. ਖੇਤੀਬਾੜੀ ਵਿਭਿੰਨਤਾ ਲਿਆਉਣ ਵਿਚ ਰਾਜ ਦੀਆਂ ਕੋਸ਼ਿਸ਼ਾਂ ਨੂੰ ਸੀਮਤ ਸਫਲਤਾ ਪ੍ਰਾਪਤ ਹੋਈ ਹੈ। ਸਿਟਰਸ ਕੌਂਸਲ ਅਤੇ ਕੌਮੀ ਬਾਗਬਾਨੀ ਮਿਸ਼ਨ ਤੋਂ ਸਹਾਇਤਾ ਦੇ ਨਤੀਜੇ ਵਜੋਂ ਸਾਲ 2005 ਵਿਚ ਬਾਗਬਾਨੀ ਅਧੀਨ ਖੇਤਰ 47,000 ਹੈਕਟੇਅਰ ਤੋਂ ਵਧ ਕੇ 2012 ਵਿਚ 71,000 ਹੈਕਟੇਅਰ ਹੋ ਗਿਆ ਹੈ, ਪ੍ਰੰਤੂ ਅਜੇ ਹੋਰ ਵਧੇਰੇ ਤਰੱਕੀ ਕੀਤੀ ਜਾਣੀ ਹੈ। ਖੇਤੀਬਾੜੀ ਦੀ ਵਿਭਿੰਨਤਾ ਲਈ ਭਾਰਤ ਸਰਕਾਰ ਵਲੋਂ ਕੋਈ ਠੋਸ ਸਹਾਇਤਾ ਪ੍ਰਾਪਤ ਨਹੀਂ ਹੋਈ ਹੈ। ਭਾਵੇਂ ਦਾਲਾਂ ਅਤੇ ਤੇਲ ਬੀਜਾਂ ਸਮੇਤ 25 ਖੇਤੀਬਾੜੀ ਵਸਤਾਂ ਲਈ ਭਾਰਤ ਸਰਕਾਰ ਵੱਲੋਂ ਘੱਟੋ ਘੱਟ ਸਮਰਥਨ ਮੁੱਲ ਦੀ ਘੋਸ਼ਣਾ ਕੀਤੀ ਗਈ ਹੈ ਪ੍ਰੰਤੂ ਕਣਕ ਅਤੇ ਝੋਨੇ ਦੀਆਂ ਫਸਲਾਂ ਤੋਂ ਇਲਾਵਾ ਦੂਜੀਆਂ ਫਸਲਾਂ ਦੀ ਖਰੀਦ ਲਈ ਕੋਈ ਕਾਰਗਰ ਪ੍ਰਣਾਲੀ ਨਹੀਂ ਹੈ। ਫਸਲਾਂ ਦੇ ਬਦਲ ਲਈ ਯਕੀਨੀ ਮੰਡੀਕਰਨ ਪ੍ਰਣਾਲੀ ਤੋਂ ਬਿਨਾਂ ਕਿਸਾਨ ਮੌਜੂਦਾ ਕਣਕ-ਝੋਨੇ ਦੇ ਫਸਲੀ ਚੱਕਰ ਨੂੰ ਨਹੀਂ ਤਿਆਗਣਗੇ। ਮਾਨਯੋਗ ਮੁੱਖ ਮੰਤਰੀ ਨੇ 12ਵੀਂ ਯੋਜਨਾ ਦੀ ਅਵਧੀ ਦੌਰਾਨ ਹਰੀ ਕ੍ਰਾਂਤੀ ਖੇਤਰਾਂ ਵਿਚ ਖੇਤੀਬਾੜੀ ਵਿਭਿੰਨਤਾ ਮਿਸ਼ਨ ਲਈ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

5000 ਕਰੋੜ ਰੁਪਏ ਦੀ ਮੰਗ ਕੀਤੀ ਹੈ। ਭਾਰਤ ਸਰਕਾਰ ਨੇ ਸਾਲ 2013-14 ਦੇ ਕੇਂਦਰੀ ਬਜਟ ਵਿਚ ਇਸ ਉਦੇਸ਼ ਲਈ ਕੇਵਲ 500 ਕਰੋੜ ਦੀ ਨਿਗੂਣੀ ਰਕਮ ਮਖਸੂਸ ਕੀਤੀ ਹੈ। ਇਹ ਰਕਮ ਬਿਲਕੁਲ ਹੀ ਨਾਕਾਫੀ ਹੈ ਅਤੇ ਦਾਲਾਂ, ਤੇਲ ਬੀਜਾਂ ਅਤੇ ਦੂਸਰੀਆਂ ਵਿਕਲਪਿਤ ਫਸਲਾਂ ਦੀ ਉਤਪਾਦਕਤਾ ਨੂੰ ਵਧਾਉਣ ਅਤੇ ਪਸ਼ੂ-ਪਾਲਣ, ਮੁਰਗੀਪਾਲਣ ਅਤੇ ਸੂਰ ਪਾਲਣ ਸਬੰਧੀ ਧੰਦਿਆਂ ਅਤੇ ਬਾਗਬਾਨੀ ਫਸਲਾਂ ਨੂੰ ਉਤਸ਼ਾਹਿਤ ਕਰਨ ਲਈ ਆਉਣ ਵਾਲੇ ਸਾਲਾਂ ਵਿੱਚ ਇਸ ਵਿਚ ਹੋਰ ਵਾਧਾ ਕੀਤਾ ਜਾਣਾ ਚਾਹੀਦਾ ਹੈ।

## ਭੂਮੀ ਅਤੇ ਜਲ ਸੰਭਾਲ

37. ਮੌਜੂਦਾ ਸਮੇਂ ਰਾਜ ਵਿਚ ਕੇਂਦਰੀ ਪੰਜਾਬ ਵਿਚ ਗੰਭੀਰ ਰੂਪ ਨਾਲ ਜ਼ਮੀਨ ਹੇਠਲੇ ਪਾਣੀ ਦਾ ਘਟਦਾ ਪੱਧਰ, ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿਚ ਭੂਮੀ ਖੁਰਣ ਕਾਰਨ ਭੂਮੀ ਵਿਚ ਆਉਂਦਾ ਨਿਘਾਰ ਅਤੇ ਦੱਖਣ-ਪੱਛਮੀ ਪੰਜਾਬ ਵਿਚ ਸੇਮ ਅਤੇ ਖਾਰਾ ਪ੍ਰਭਾਵਿਤ ਜ਼ਮੀਨ ਦੇ ਸਮੱਸਿਆ ਆਦਿ ਧਿਆਨ ਕੇਂਦਰਿਤ ਕਰਨ ਵਾਲੇ ਮਹੱਤਵਪੂਰਨ ਖੇਤਰ ਹਨ। ਝੋਨੇ ਦੀ ਅਗੇਤੀ ਬਿਜਾਈ ਤੇ ਰੋਕ ਲਾ ਦਿੱਤੀ ਗਈ ਹੈ ਅਤੇ ਝੋਨੇ ਤੋਂ ਬਦਲਵੀਆਂ ਫਸਲਾਂ ਵਿਚ ਤਬਦੀਲੀ ਲਈ ਯਤਨ ਕੀਤੇ ਜਾ ਰਹੇ ਹਨ। ਜ਼ਮੀਨੀ ਪਾਣੀ ਦੀ ਸੰਭਾਲ ਲਈ ਵਿਸ਼ੇਸ਼ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ। ਮਹੱਤਵਪੂਰਨ ਸਕੀਮਾਂ ਇਸ ਪ੍ਰਕਾਰ ਹਨ-

- 48 ਕਰੋੜ ਰੁਪਏ-ਪੰਜਾਬ ਵਿਚ ਸਿੰਚਾਈ ਸਮੱਰਥਾ ਵਿਚ ਵਾਧੇ ਹਿਤ ਉਪਲਬਧ ਪਾਣੀ ਅਤੇ ਇਕੱਤਰ ਕੀਤੇ ਬਰਸਾਤੀ ਪਾਣੀ ਦੀ ਉਚਿਤ ਵਰਤੋਂ ਲਈ।
- 38 ਕਰੋੜ ਰੁਪਏ-ਮਾਈਕਰੋ ਸਿੰਚਾਈ ਲਈ।
- 28 ਕਰੋੜ ਰੁਪਏ-ਨਹਿਰੀ ਸਿੰਚਾਈ ਅਤੇ ਜਲ ਸ਼ੁੱਧੀਕਰਣ ਪਲਾਂਟਾਂ ਹਿਤ ਜ਼ਮੀਨਦੋਜ਼ ਪਾਈਪ ਲਾਈਨ ਪ੍ਰਣਾਲੀ ਲਈ ਕਿਸਾਨਾਂ ਦੀ ਸਹਾਇਤਾ ਲਈ।
- 12 ਕਰੋੜ ਰੁਪਏ-ਤਲਵਾੜਾ ਵਿਚ ਰੋਕ ਬੰਨ੍ਹਾਂ ਅਤੇ ਗੈਬੀਅਨ ਢਾਂਚਿਆਂ ਦੇ ਨਿਰਮਾਣ ਲਈ।
- 10 ਕਰੋੜ ਰੁਪਏ-ਜਲ ਸੰਭਾਲ ਅਤੇ ਰੀਚਾਰਜ ਵਾਸਤੇ ਨੀਵੇਂ ਬੰਨ੍ਹਾਂ ਦੇ ਨਿਰਮਾਣ ਲਈ।

## ਸਬੰਧਿਤ ਖੇਤਰ

38. ਰਾਜ ਵਿਚ ਕਿਸਾਨਾਂ ਦੀ ਖੇਤੀਬਾੜੀ ਆਮਦਨ ਵਿਚ ਵਾਧੇ ਲਈ ਪਸ਼ੂ ਪਾਲਣ ਸੈਕਟਰ ਵਿੱਚ ਬਹੁਤ ਸਮਰੱਥਾ ਹੈ। ਖੇਤੀਬਾੜੀ ਦੇ ਸਬੰਧਿਤ ਕਿੱਤੇ ਜਿਵੇਂ ਪਸ਼ੂ ਪਾਲਣ ਅਤੇ ਡੇਅਰੀ ਪਿਛਲੇ ਵਰ੍ਹਿਆਂ ਵਿਚ ਸੁਤੰਤਰ ਆਰਥਕ ਕਿੱਤੇ ਬਣ ਗਏ ਹਨ। ਇਸ ਸਬੰਧਿਤ ਖੇਤਰ ਦਾ ਰਾਜ ਦੇ ਕੁੱਲ ਘਰੇਲੂ ਉਤਪਾਦਾਂ ਵਿਚ ਯੋਗਦਾਨ 8.15 ਫ਼ੀਸਦ ਤੱਕ

ਪਹੁੰਚ ਗਿਆ ਹੈ। ਸਭ ਤੋਂ ਮਹੱਤਵਪੂਰਨ ਸਫਲਤਾ ਵਪਾਰਕ ਡੇਅਰੀ ਫਾਰਮਾਂ ਦੀ ਸਥਾਪਤੀ ਹੋ ਜਾਣਾ ਹੈ। ਇਨ੍ਹਾਂ ਦੀ ਗਿਣਤੀ ਸਾਲ 2011-12 ਵਿਚ 6000 ਤੋਂ ਵੱਧ ਕੇ 2012-13 ਵਿਚ 7600 ਹੋ ਗਈ ਹੈ। 96 ਲੱਖ ਟਨ ਦਾ ਸਾਲਾਨਾ ਦੁੱਧ ਉਤਪਾਦਨ ਅਤੇ 944 ਗ੍ਰਾਮ ਪ੍ਰਤੀ ਜੀਅ/ਪ੍ਰਤੀ ਦਿਨ ਉਪਲਬਧਤਾ ਨਾਲ ਦੇਸ਼ ਵਿੱਚ ਸਭ ਤੋਂ ਵੱਧ ਹੈ।

39. ਗਊਆਂ ਦੇ ਦੁੱਧ ਉਤਪਾਦਨ ਵਿਚ ਵਾਧੇ ਲਈ ਰਾਜ ਨੇ ਬਹੁਤ ਹੀ ਉਚ ਜੈਨੇਟਿਕ ਗੁਣਵੱਤਾ ਵਾਲੇ 5000 ਲਿੰਗ ਵੀਰਜ ਸਟਰਾਅ ਅਤੇ 3.82 ਲੱਖ ਗਾਵਾਂ ਦੇ ਵੀਰਜ ਸਟਰਾਅ ਆਯਾਤ ਕੀਤੇ ਹਨ। ਪਸ਼ੂਆਂ ਦੀ ਮਾਦਾ ਗਿਣਤੀ ਵਿੱਚ ਵਾਧੇ ਲਈ ਇਹ ਸਟਰਾਅ ਕਿਸਾਨਾਂ ਨੂੰ ਰਿਆਇਤੀ ਦਰਾਂ ਤੇ ਸਪਲਾਈ ਕੀਤੇ ਜਾਂਦੇ ਹਨ। ਵੀਰਜ ਉਤਪਾਦਨ, ਨਸਲ ਪ੍ਰੀਖਣ ਅਤੇ ਚਾਰਾ ਉਤਪਾਦਨ ਦੁਆਰਾ ਦੁੱਧ ਉਤਪਾਦਨ ਵਿੱਚ ਵਾਧੇ ਲਈ ਰਾਜ ਕੌਮੀ ਡੇਅਰੀ ਯੋਜਨਾ ਪੜਾਅ-1 ਦਾ ਹਿੱਸਾ ਹੈ।

40. ਅਸੀਂ ਸਾਲ 2013-14 ਦੇ ਕੇਂਦਰੀ ਬਜਟ ਵਿਚ 307 ਕਰੋੜ ਰੁਪਏ ਦੀ ਲਾਗਤ ਨਾਲ ਕੌਮੀ ਪਸ਼ੂ ਧਨ ਮਿਸ਼ਨ ਦੀ ਘੋਸ਼ਣਾ ਦੀ ਸ਼ਲਾਘਾ ਕਰਦੇ ਹਾਂ। ਪੰਜਾਬ ਵਰਗੇ ਸੂਬੇ ਨੂੰ ਪਸ਼ੂ ਧਨ ਗਤੀਵਿਧੀਆਂ ਵਿਚ ਵਿਭਿੰਨਤਾ ਲਈ ਵੱਡੇ ਪੱਧਰ ਤੇ ਸਹਾਇਤਾ ਦੀ ਲੋੜ ਹੈ।

41. ਸਾਲ 2013-14 ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਲਈ ਖਰਚ 110 ਕਰੋੜ ਰੁਪਏ ਨਿਰਧਾਰਿਤ ਕੀਤਾ ਗਿਆ ਹੈ। ਮਹੱਤਵਪੂਰਨ ਸਕੀਮਾਂ ਇਸ ਪ੍ਰਕਾਰ ਹਨ-

- **83 ਕਰੋੜ ਰੁਪਏ- ਗਡਵਾਸੂ ਦੇ ਮਜ਼ਬੂਤੀਕਰਨ ਲਈ।**
- **46 ਕਰੋੜ ਰੁਪਏ- ਰਾਜ ਵਿਚ ਪਸ਼ੂ ਪਾਲਣ ਸੰਸਥਾਵਾਂ ਦਾ ਦਰਜਾ ਵਧਾਉਣ ਲਈ।**
- **14 ਕਰੋੜ ਰੁਪਏ- ਪੰਜਾਬ ਡੇਅਰੀ ਵਿਕਾਸ ਬੋਰਡ ਦੇ ਮਜ਼ਬੂਤੀਕਰਨ ਲਈ।**
- **12 ਕਰੋੜ ਰੁਪਏ- ਉਚ ਗੁਣਵੱਤਾ ਅਤੇ ਸਵੱਛ ਦੁੱਧ ਉਤਪਾਦਨ ਲਈ ਬੁਨਿਆਦੀ ਢਾਂਚਾ ਅਤੇ ਮਜ਼ਬੂਤੀਕਰਨ ਲਈ।**
- **11 ਕਰੋੜ ਰੁਪਏ- ਰਾਜ ਵਿਚ ਮੱਛੀ ਪਾਲਣ ਦੇ ਵਿਕਾਸ ਲਈ।**

## ਖੇਤੀ ਕਰਜ਼ਾ

42. ਰਾਜ ਵਿਚ ਲਗਭਗ ਦੋ ਤਿਹਾਈ ਕਿਸਾਨ ਪਰਿਵਾਰ ਕਰਜ਼ੇ ਹੇਠ ਹਨ ਅਤੇ ਕੁੱਲ ਖੇਤੀ ਕਰਜ਼ ਦਾ ਅਨੁਮਾਨ ਲਗਭਗ 35,000 ਕਰੋੜ ਰੁਪਏ ਹੈ। ਸਾਲ 2008-09 ਵਿਚ ਭਾਰਤ ਸਰਕਾਰ ਵੱਲੋਂ ਘੋਸ਼ਿਤ ਕੀਤੀ ਕਿਸਾਨਾਂ ਦੀ ਕਰਜ਼ਾ ਮੁਆਫੀ ਸਕੀਮ ਨੇ ਰਾਜ ਨੂੰ ਵਧੇਰੇ ਫਾਇਦਾ ਨਹੀਂ ਪਹੁੰਚਾਇਆ ਕਿਉਂਕਿ ਰਾਜ ਵਿਚ ਬਹੁਤ ਥੋੜ੍ਹੇ ਕੁਤਾਹੀਕਾਰ ਸਨ। ਰਾਜ ਦੇ ਕੁਝ ਖਾਸ ਖੇਤਰਾਂ ਵਿਚ ਕਿਸਾਨ ਆਤਮ ਹੱਤਿਆਵਾਂ ਨਾਲ ਸਬੰਧਿਤ ਬਹੁਤ ਸਾਰੇ ਮਾਮਲੇ ਸਾਹਮਣੇ ਆਏ ਹਨ। ਰਾਜ ਸਰਕਾਰ ਨੇ

ਸਮੱਸਿਆ ਦੀ ਗੰਭੀਰਤਾ ਦੇ ਨਿਰੀਖਣ ਲਈ ਰਾਜ ਦੀਆਂ ਤਿੰਨ ਯੂਨੀਵਰਸਿਟੀਆਂ ਨੂੰ ਵਿਸਤ੍ਰਿਤ ਸਰਵੇਖਣ ਕਰਨ ਦਾ ਹੁਕਮ ਦਿੱਤਾ ਸੀ। ਇਸ ਰਿਪੋਰਟ ਮੁਤਾਬਕ ਸਾਲ 2000 ਤੋਂ 2010 ਦੀ ਅਵਧੀ ਦੌਰਾਨ ਕਿਸਾਨ ਆਤਮ ਹੱਤਿਆਵਾਂ ਦੇ 4688 ਮਾਮਲੇ ਸਾਹਮਣੇ ਆਏ ਹਨ। ਮੈਂ, ਸਾਲ 2012-13 ਦੇ ਬਜਟ ਵਿਚ ਇਨ੍ਹਾਂ ਕਿਸਾਨਾਂ ਦੇ ਪਰਿਵਾਰਾਂ ਲਈ 30 ਕਰੋੜ ਰੁਪਏ ਦੀ ਰਾਹਤ ਰਾਸ਼ੀ ਦੀ ਘੋਸ਼ਣਾ ਕੀਤੀ ਸੀ। ਮੈਂ ਸਤਿਕਾਰਤ ਮੈਂਬਰਾਂ ਨੂੰ ਇਹ ਦੱਸਣਾ ਚਾਹਾਂਗਾ ਕਿ ਮਾਲ ਵਿਭਾਗ ਨੂੰ ਪਹਿਲਾਂ ਹੀ 30 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਸਾਲ 2006 ਤੱਕ 2886 ਪੀੜਤ ਪਰਿਵਾਰਾਂ ਨੂੰ 1 ਲੱਖ ਪ੍ਰਤੀ ਪਰਿਵਾਰ ਸਹਾਇਤਾ ਦਿੱਤੀ ਜਾ ਚੁੱਕੀ ਹੈ। ਬਾਕੀ ਰਹਿੰਦੇ ਮਾਮਲਿਆਂ ਦੇ ਨਿਪਟਾਰੇ ਲਈ ਸਾਲ 2013-14 ਲਈ 66 ਕਰੋੜ ਰੁਪਏ ਦੀ ਰਕਮ ਮਖਸੂਸ ਕੀਤੀ ਗਈ ਹੈ ਅਤੇ ਹਰੇਕ ਪਰਿਵਾਰ ਨੂੰ 2 ਲੱਖ ਰੁਪਏ ਦਿੱਤੇ ਜਾਣਗੇ।

## ਪੇਂਡੂ ਵਿਕਾਸ

43. ਗਰੀਬੀ ਰੇਖਾ ਤੋਂ ਹੇਠਾਂ ਦੇ ਮੌਜੂਦਾ ਪਰਿਵਾਰਾਂ ਦੀ ਸੂਚੀ ਸਾਲ 2002-03 ਵਿੱਚ ਕੀਤੇ ਸਰਵੇਖਣ ਤੇ ਆਧਾਰਿਤ ਹੈ ਅਤੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਇਨ੍ਹਾਂ ਦੀ ਗਿਣਤੀ 5.23 ਲੱਖ ਹੈ। ਰਾਜ ਵਿਚ ਗਰੀਬੀ ਰੇਖਾ ਤੋਂ ਹੇਠਾਂ ਦੇ ਪਰਿਵਾਰਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਵਾਸਤਵਿਕ ਸਥਿਤੀ ਦਰਸਾਉਂਦੀ ਹੈ। ਅਸਲ ਵਿੱਚ ਸਮੁੱਚੀ ਸੂਚੀ ਇੰਦਰਾ ਆਵਾਸ ਯੋਜਨਾ ਅਧੀਨ ਮਕਾਨ ਉਸਾਰੀ ਦੇ ਉਦੇਸ਼ ਵਿੱਚ ਹੀ ਪੂਰੀ ਹੋ ਚੁੱਕੀ ਹੈ ਅਤੇ ਰਾਜ ਇਸ ਸਕੀਮ ਲਈ ਮਖ਼ਸੂਸ ਕੀਤੇ ਫੰਡਾਂ ਨੂੰ ਵਰਤਣ ਦੇ ਯੋਗ ਹੀ ਨਹੀਂ ਰਿਹਾ। ਰਾਸ਼ਟਰੀਯ ਸਵਾਸਥ ਬੀਮਾ ਯੋਜਨਾ, ਜਨਨੀ ਸੁਰਕਸ਼ਾ ਯੋਜਨਾ ਅਤੇ ਰਾਜੀਵ ਗਾਂਧੀ ਗ੍ਰਾਮੀਣ ਵਿਦਯੁਤੀਕਰਨ ਯੋਜਨਾ ਵਰਗੀਆਂ ਹੋਰ ਸਕੀਮਾਂ ਹਨ, ਜਿਨ੍ਹਾਂ ਦਾ ਅਮਲ ਯੋਗ ਪਰਿਵਾਰਾਂ ਦੀ ਉਚਿਤ ਗਿਣਤੀ ਦੀ ਕਮੀ ਕਾਰਨ ਅਸਲ ਪੱਧਰ ਤੋਂ ਘੱਟ ਹੀ ਰਿਹਾ ਹੈ। ਭਾਰਤ ਸਰਕਾਰ ਨੇ ਬੀ.ਪੀ.ਐਲ ਪਰਿਵਾਰਾਂ ਦੀ ਗਿਣਤੀ ਨਿਰਧਾਰਿਤ ਕਰਨ ਲਈ ਨਵੀਂ ਕਾਰਜ-ਵਿਧੀ ਲੱਭਣ ਲਈ ਤੇਂਦੂਲਕਰ ਕਮੇਟੀ ਗਠਿਤ ਕੀਤੀ ਹੈ। ਉਨ੍ਹਾਂ ਦੀ ਰਿਪੋਰਟ ਮੁਤਾਬਕ ਸਾਲ 2004-05 ਦੌਰਾਨ ਪੰਜਾਬ ਵਿਚ ਬੀ.ਪੀ.ਐਲ. ਪਰਿਵਾਰਾਂ ਦੀ ਗਿਣਤੀ 9.75 ਲੱਖ ਹੋਵੇਗੀ। ਪਰਿਵਾਰਾਂ ਦੀ ਗਿਣਤੀ ਦੀ ਸ਼ਨਾਖਤ ਲਈ ਸਮਾਜਕ ਆਰਥਿਕ ਸਰਵੇਖਣ ਹੁਣ ਮੁਕੰਮਲ ਕਰ ਲਿਆ ਗਿਆ ਹੈ ਅਤੇ ਭਾਰਤ ਸਰਕਾਰ ਨੂੰ ਭੇਜ ਦਿੱਤਾ ਗਿਆ ਹੈ। ਜਿਉਂ ਹੀ ਬੀ.ਪੀ.ਐਲ. ਪਰਿਵਾਰਾਂ ਦੀ ਗਿਣਤੀ ਮਿਤੀਅੰਤ ਹੋ ਜਾਂਦੀ ਹੈ, ਉਦੋਂ ਗਰੀਬ ਪਰਿਵਾਰਾਂ ਦੀ ਭਲਾਈ ਨਾਲ ਸਬੰਧਿਤ ਵੱਖ-ਵੱਖ ਸਕੀਮਾਂ ਨੂੰ ਤੁਰੰਤ ਅਮਲ ਵਿੱਚ ਲਿਆਂਦਾ ਜਾਵੇਗਾ।

44. ਸਾਲ 2013-14 ਦਾ ਯੋਜਨਾ ਬਜਟ ਮੁੱਖ ਰੂਪ ਵਿਚ ਪੇਂਡੂ-ਰੋਜ਼ਗਾਰ ਅਤੇ ਪੇਂਡੂ-ਉਪਜੀਵਕਾ ਜੁਟਾਉਣ, ਪੇਂਡੂ ਪਖਾਨਿਆਂ ਦੇ ਨਿਰਮਾਣ, ਢਾਣੀਆਂ ਵਿਚ ਇੱਟਾਂ

ਵਾਲੇ ਰਸਤਿਆਂ ਦੇ ਨਿਰਮਾਣ ਉਪਰ ਕੇਂਦਰਿਤ ਹੈ। ਸਾਲ 2013-14 ਵਿਚ ਪੇਂਡੂ ਵਿਕਾਸ ਲਈ ਕੁਲ 763 ਕਰੋੜ ਰੁਪਏ ਦਾ ਖਰਚ ਮਖਸੂਸ ਕੀਤਾ ਗਿਆ ਹੈ। ਮਹੱਤਵਪੂਰਨ ਸਕੀਮਾਂ ਹਨ :

- 400 ਕਰੋੜ ਰੁਪਏ- ਮਹਾਤਮਾ ਗਾਂਧੀ ਕੌਮੀ ਪੇਂਡੂ ਰੋਜ਼ਗਾਰ ਗਰੰਟੀ ਸਕੀਮ ਲਈ।
- 100 ਕਰੋੜ ਰੁਪਏ- ਪੇਂਡੂ ਖੇਤਰਾਂ ਵਿਚ 1 ਲੱਖ ਪਖਾਨਿਆਂ ਦੇ ਨਿਰਮਾਣ ਲਈ।
- 60 ਕਰੋੜ ਰੁਪਏ- ਇੰਦਰਾ ਆਵਾਸ ਯੋਜਨਾ ਲਈ।
- 50 ਕਰੋੜ ਰੁਪਏ- ਪਿੰਡਾਂ-ਢਾਣੀਆਂ ਵਿਚ ਇੱਟਾਂ ਵਾਲੇ ਰਸਤਿਆਂ ਦੇ ਨਿਰਮਾਣ ਲਈ।
- 20 ਕਰੋੜ ਰੁਪਏ- ਕੌਮੀ ਪੇਂਡੂ ਉਪਜੀਵਕਾ ਮਿਸ਼ਨ ਲਈ।
- 18 ਕਰੋੜ ਰੁਪਏ- ਪਛੜੇ ਖੇਤਰ ਗ੍ਰਾਂਟ ਫੰਡ ਲਈ।

## ਜਲ ਸਪਲਾਈ ਅਤੇ ਸਵੱਛਤਾ

45. ਮੌਜੂਦਾ ਸਮੇਂ 15170 ਆਬਾਦੀਆਂ ਵਿਚੋਂ 11980 ਨੂੰ ਮੁਕੰਮਲ ਰੂਪ ਵਿਚ ਕਵਰ ਕੀਤਾ ਗਿਆ ਹੈ, 2263 ਅੰਸ਼ਿਕ ਰੂਪ ਵਿਚ ਕਵਰ ਕੀਤੀਆਂ ਗਈਆਂ ਹਨ ਅਤੇ 927 ਆਬਾਦੀਆਂ ਵਿਚ ਕੋਈ ਪੇਂਡੂ ਜਲ ਸਪਲਾਈ ਸੁਵਿਧਾ ਉਪਲਬਧ ਨਹੀਂ ਹੈ। ਮੁਕੰਮਲ ਕਵਰੇਜ ਲਈ 12ਵੀਂ ਯੋਜਨਾ ਅਨੁਸਾਰ ਭਾਰਤ ਸਰਕਾਰ ਦੇ ਮਾਪਦੰਡ 55 ਐਲ.ਪੀ.ਸੀ.ਡੀ. (ਲਿਟਰ ਪ੍ਰਤੀ ਜੀਅ, ਪ੍ਰਤੀ ਦਿਨ) ਪ੍ਰਤੀ ਪਰਿਵਾਰ ਹੈ। ਮੁਕੰਮਲ ਰੂਪ ਵਿਚ ਕਵਰ ਕੀਤੀਆਂ ਆਬਾਦੀਆਂ ਘੱਟੋ-ਘੱਟ 40 ਲਿਟਰ ਪ੍ਰਤੀ ਜੀਅ, ਪ੍ਰਤੀ ਦਿਨ, ਪ੍ਰਤੀ ਪਰਿਵਾਰ ਜਲ ਪ੍ਰਾਪਤ ਕਰਦੀਆਂ ਹਨ। ਇਸ ਤੋਂ ਇਲਾਵਾ 5000 ਆਬਾਦੀਆਂ 70 ਲਿਟਰ ਪ੍ਰਤੀ ਜੀਅ ਪ੍ਰਤੀ ਦਿਨ ਅਤੇ ਪ੍ਰਤੀ ਪਰਿਵਾਰ ਦੇ ਸੇਵਾ ਪੱਧਰ ਤੇ ਜਲ ਸਪਲਾਈ ਪ੍ਰਾਪਤ ਕਰਦੀਆਂ ਹਨ। 12ਵੀਂ ਯੋਜਨਾ ਦੇ ਅੰਤ ਤਕ ਰਾਜ ਵਲੋਂ ਸਾਰੀਆਂ ਆਬਾਦੀਆਂ ਨੂੰ 70 ਲੀਟਰ ਪ੍ਰਤੀ ਜੀਅ ਪ੍ਰਤੀ ਦਿਨ ਦੇ ਸੇਵਾ ਪੱਧਰ ਤੱਕ ਜਲ ਸਪਲਾਈ ਕੀਤੇ ਜਾਣ ਦੀ ਤਜਵੀਜ਼ ਹੈ। ਸਾਲ 2013-14 ਵਿਚ ਜਲ ਸਪਲਾਈ ਅਤੇ ਸਵੱਛਤਾ ਲਈ ਯੋਜਨਾ ਰਾਖਵਾਂਕਰਣ 35 ਫ਼ੀਸਦ ਤੱਕ ਵਧਾ ਕੇ 393 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਬਾਕੀ ਰਹਿੰਦੇ 927 ਪਿੰਡ 2013-14 ਵਿੱਚ ਕਵਰ ਕਰ ਦਿੱਤੇ ਜਾਣਗੇ। ਮਹੱਤਵਪੂਰਨ ਸਕੀਮਾਂ ਹਨ:

- 335 ਕਰੋੜ ਰੁਪਏ- ਵਿਸ਼ਵ ਬੈਂਕ ਦੀ ਸਹਾਇਤਾ ਨਾਲ ਪੰਜਾਬ ਪੇਂਡੂ ਜਲ ਸਪਲਾਈ ਅਤੇ ਸਵੱਛਤਾ ਪ੍ਰਾਜੈਕਟ ਲਈ।
- 20 ਕਰੋੜ ਰੁਪਏ- ਨਾਬਾਰਡ ਤੋਂ ਸਹਾਇਤਾ ਪ੍ਰਾਪਤ ਸਵੱਛਤਾ ਪ੍ਰਾਜੈਕਟ ਲਈ।
- 20 ਕਰੋੜ ਰੁਪਏ- ਨਾਬਾਰਡ ਤੋਂ ਸਹਾਇਤਾ ਪ੍ਰਾਪਤ ਪੇਂਡੂ ਜਲ ਸਪਲਾਈ ਸਕੀਮਾਂ ਲਈ।

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

- 10 ਕਰੋੜ ਰੁਪਏ- ਰਾਜੀਵ ਗਾਂਧੀ ਨੈਸ਼ਨਲ ਡ੍ਰਿੰਕਿੰਗ ਵਾਟਰ ਮਿਸ਼ਨ ਲਈ।

46. ਰਾਜ ਲਈ ਧਰਤੀ ਹੇਠਲੇ ਪਾਣੀ ਵਿਚ ਭਾਰੀ ਧਾਤਾਂ ਦੇ ਗੰਧਲੇਪਣ ਦਾ ਮਿਸ਼ਰਨ ਇਕ ਵੱਡੀ ਚੁਣੌਤੀ ਹੈ। ਤਾਜ਼ਾ ਕਰਵਾਏ ਗਏ ਸਰਵੇਖਣ ਤੋਂ ਪਤਾ ਲਗਦਾ ਹੈ ਕਿ 1012 ਪਿੰਡਾਂ ਦੇ ਲਏ ਗਏ ਸੈਂਪਲਾਂ ਵਿਚ ਵੱਖ-ਵੱਖ ਨੁਕਸਾਨਦੇਹ ਧਾਤਾਂ ਜਿਵੇਂ ਕਿ ਯੂਰੇਨੀਅਮ, ਨਿਕਲ ਅਤੇ ਐਲੂਮੀਨੀਅਮ ਆਦਿ ਦਾ ਮਿਸ਼ਰਨ ਪਾਇਆ ਗਿਆ ਹੈ। ਸੁਰੱਖਿਅਤ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ 1804 ਆਰ.ਓਜ਼ ਪਹਿਲਾਂ ਹੀ ਲਗਾਏ ਜਾ ਚੁੱਕੇ ਹਨ। ਇਸ ਤੋਂ ਇਲਾਵਾ ਰਾਜ ਸਰਕਾਰ ਦੀ ਇਹ ਤਜਵੀਜ਼ ਹੈ ਕਿ ਸਾਲ 2013-14 ਦੌਰਾਨ ਨਾਬਾਰਡ ਸਹਾਇਤਾ ਅਤੇ ਨੈਸ਼ਨਲ ਰੂਰਲ ਡ੍ਰਿੰਕਿੰਗ ਵਾਟਰ ਪ੍ਰੋਗਰਾਮ ਅਧੀਨ ਸਾਰੇ ਸਮੱਸਿਆ ਪ੍ਰਭਾਵਿਤ ਪਿੰਡਾਂ ਵਿੱਚ ਆਰ.ਓ. ਲਗਾਏ ਜਾਣ।

## ਸਿੰਜਾਈ

47. ਧਰਤੀ ਹੇਠਲੇ ਪਾਣੀ ਤੇ ਨਿਰਭਰਤਾ ਨੂੰ ਘਟਾਉਣ ਅਤੇ ਸਿੰਚਾਈ ਉਦੇਸ਼ਾਂ ਲਈ ਸਤਹੀ ਪਾਣੀ ਨੂੰ ਵਰਤੋਂ ਵਿਚ ਲਿਆਉਣ ਲਈ ਸਰਕਾਰ ਦੀ ਨੀਤੀ ਨਹਿਰੀ ਸਮਰਥਾ ਵਧਾਉਣ, ਗੈਰ ਲਾਇਨਿੰਗ ਵਾਲੇ ਜਲ ਮਾਰਗਾਂ ਦੀ ਲਾਇਨਿੰਗ ਕਰਨ ਅਤੇ ਪਹਾੜੀ ਖੇਤਰਾਂ ਵਿਚ ਘੱਟ ਕੀਮਤ ਵਾਲੇ ਬੰਨ੍ਹਾਂ ਦੇ ਨਿਰਮਾਣ ਕਰਨ ਦੀ ਹੈ। ਸਾਲ 2013-14 ਵਿਚ ਸਿੰਚਾਈ ਲਈ ਯੋਜਨਾ ਰਾਖਵੇਂਕਰਨ ਵਿਚ 1103 ਕਰੋੜ ਰੁਪਏ ਮਖਸੂਸ ਕੀਤੇ ਗਏ ਹਨ। ਮਹੱਤਵਪੂਰਨ ਸਕੀਮਾਂ ਹਨ :

- 100 ਕਰੋੜ ਰੁਪਏ- ਰਾਜਸਥਾਨ ਫੀਡਰ ਪ੍ਰਾਜੈਕਟ ਦੀ ਪੁਨਰ ਲਾਇਨਿੰਗ ਲਈ (ਪ੍ਰਾਜੈਕਟ ਲਾਗਤ 952 ਕਰੋੜ ਰੁਪਏ ਹੈ ਜੋ ਕਿ ਸਾਲ 2013 ਤੋਂ 2017 ਦੇ ਚਾਰ ਸਾਲਾਂ ਦੌਰਾਨ ਖਰਚ ਕੀਤੀ ਜਾਣੀ ਹੈ।)
- 40 ਕਰੋੜ ਰੁਪਏ- ਸਰਹਿੰਦ ਫੀਡਰ ਪ੍ਰਾਜੈਕਟ ਦੀ ਮੁੜ ਲਾਇਨਿੰਗ ਲਈ (ਪ੍ਰਾਜੈਕਟ ਲਾਗਤ 614 ਕਰੋੜ ਰੁਪਏ ਹੈ ਜੋ ਕਿ ਸਾਲ 2013 ਤੋਂ 2017 ਦੇ ਚਾਰ ਸਾਲਾਂ ਦੌਰਾਨ ਖਰਚ ਕੀਤੀ ਜਾਣੀ ਹੈ।)
- 40 ਕਰੋੜ ਰੁਪਏ-ਫਸਟ ਪਟਿਆਲਾ ਫੀਡਰ ਅਤੇ ਕੋਟਲਾ ਬਰਾਂਚ ਦੀ ਪੁਨਰ-ਸਥਾਪਤੀ ਲਈ (ਪ੍ਰਾਜੈਕਟ ਲਾਗਤ 199 ਕਰੋੜ ਰੁਪਏ ਹੈ- 120 ਕਰੋੜ ਰੁਪਏ ਪਹਿਲਾਂ ਹੀ ਖਰਚ ਕੀਤੇ ਜਾ ਚੁੱਕੇ ਹਨ।)
- 156 ਕਰੋੜ ਰੁਪਏ- ਕੰਡੀ ਨਹਿਰ ਪੜਾਅ-2 ਪ੍ਰਾਜੈਕਟ ਦੇ ਬਕਾਇਆ 14 ਕਿ.ਮੀ. ਮੁਕੰਮਲ ਕਰਨ ਲਈ
- 100 ਕਰੋੜ ਰੁਪਏ- ਸ਼ਾਹਪੁਰ ਕੰਡੀ ਡੈਮ ਪ੍ਰਾਜੈਕਟ ਦੇ ਨਿਰਮਾਣ ਲਈ (ਪਾਵਰ ਕੰਪੋਨੈਂਟ ਸਮੇਤ ਪ੍ਰਾਜੈਕਟ ਲਾਗਤ 2286 ਕਰੋੜ ਰੁਪਏ ਹੈ) ਜੋ ਕਿ

2013 ਤੋਂ 2017 ਦੇ ਚਾਰ ਸਾਲਾਂ ਵਿਚ ਖਰਚ ਕੀਤੀ ਜਾਣੀ ਹੈ।

- 310 ਕਰੋੜ ਰੁਪਏ- ਜਲ ਮਾਰਗਾਂ ਦੀ ਉਸਾਰੀ/ਲਾਇਨਿੰਗ ਲਈ।
- 145 ਕਰੋੜ ਰੁਪਏ- ਸੇਮ ਸਮੱਸਿਆ ਅਤੇ ਹੜ੍ਹ ਸੁਰੱਖਿਆ ਦੇ ਨਿਪਟਾਰੇ ਲਈ।

48. ਰਾਜ ਸਰਕਾਰ ਤੀਬਰ ਸਿੰਚਾਈ ਲਾਭ ਪ੍ਰੋਗਰਾਮ (ਐਕਸੋਲਰੇਟਡ ਇਰੀਗੇਸ਼ਨ ਬੈਨੇਫਿਟ ਪ੍ਰੋਗਰਾਮ) ਪ੍ਰਾਜੈਕਟਾਂ ਦੇ ਮੁਕੰਮਲ ਕਰਨ ਤੇ ਧਿਆਨ ਕੇਂਦਰਿਤ ਕਰੇਗੀ। ਅਮਲ ਅਧੀਨ ਪ੍ਰਾਜੈਕਟ ਹਨ : ਕੰਢੀ ਕੈਨਾਲ ਪੜਾਅ-2, ਫਸਟ ਪਟਿਆਲਾ ਫੀਡਰ ਅਤੇ ਕੋਟਲਾ ਬਰਾਂਚ ਅਤੇ ਸ਼ਾਹਪੁਰ ਕੰਡੀ ਡੈਮ ਪ੍ਰਾਜੈਕਟ ਦੀ ਪੁਨਰ ਸਥਾਪਤੀ। ਕੰਢੀ ਕੈਨਾਲ ਪੜਾਅ-2 ਉਤੇ 329 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾ ਚੁੱਕੀ ਹੈ ਅਤੇ 70 ਕਿ.ਮੀ. ਦੀ ਕੁਲ ਲੰਬਾਈ ਵਿਚੋਂ 56 ਕਿ.ਮੀ. ਦਾ ਨਿਰਮਾਣ ਮੁਕੰਮਲ ਹੋ ਚੁੱਕਾ ਹੈ। ਬਾਕੀ ਰਹਿੰਦੀ 14 ਕਿ.ਮੀ. ਲੰਬਾਈ ਦਾ ਨਿਰਮਾਣ ਚਲੰਤ ਸਾਲ ਦੌਰਾਨ ਮੁਕੰਮਲ ਕੀਤਾ ਜਾਵੇਗਾ। ਇਸ ਪ੍ਰਾਜੈਕਟ ਦੇ ਮੁਕੰਮਲ ਹੋਣ ਨਾਲ 218 ਪਿੰਡਾਂ ਦੇ 29,527 ਹੈਕਟੇਅਰ ਖੇਤਰ ਨੂੰ ਸਿੰਚਾਈ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਪਟਿਆਲਾ ਫੀਡਰ ਦੇ ਪਹਿਲੇ ਪੜਾਅ ਦਾ ਕੰਮ ਮੁਕੰਮਲ ਹੈ ਅਤੇ ਕੋਟਲਾ ਬਰਾਂਚ ਦਾ ਕਾਰਜ ਪ੍ਰਗਤੀ ਅਧੀਨ ਹੈ। ਇਸ ਪ੍ਰਾਜੈਕਟ ਦੇ ਮੁਕੰਮਲ ਹੋਣ ਤੇ 68,624 ਹੈਕਟੇਅਰ ਵਧੀਕ ਖੇਤਰ ਨੂੰ ਸਿੰਚਾਈ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਸ਼ਾਹਪੁਰ ਕੰਡੀ ਡੈਮ ਪ੍ਰਾਜੈਕਟ ਦਾ ਕਾਰਜ ਜਨਵਰੀ, 2013 ਵਿਚ ਅਲਾਟ ਕੀਤਾ ਗਿਆ ਹੈ ਅਤੇ ਅਪ੍ਰੈਲ/ਮਈ, 2013 ਵਿੱਚ ਨਿਰਮਾਣ ਕਾਰਜ ਸ਼ੁਰੂ ਹੋ ਜਾਵੇਗਾ। ਰਾਜਸਥਾਨ ਫੀਡਰ ਅਤੇ ਸਰਹਿੰਦ ਫੀਡਰ ਪ੍ਰਾਜੈਕਟਾਂ ਦੀ ਪੁਨਰ ਲਾਇਨਿੰਗ ਦਾ ਕਾਰਜ ਅਪ੍ਰੈਲ/ਮਈ, 2013 ਵਿਚ ਸ਼ੁਰੂ ਹੋ ਜਾਵੇਗਾ।

49. ਪਿਛਲੇ ਪੰਜ ਸਾਲਾਂ ਦੌਰਾਨ ਕਮਾਂਡ ਏਰੀਆ ਵਿਕਾਸ ਅਤੇ ਜਲ ਪ੍ਰਬੰਧ ਪ੍ਰੋਗਰਾਮ ਅਧੀਨ 595 ਕਰੋੜ ਰੁਪਏ ਖਰਚ ਕੀਤੇ ਗਏ ਸਨ ਅਤੇ 6040 ਕਿ.ਮੀ. ਜਲ ਮਾਰਗਾਂ ਦੀ ਲਾਇਨਿੰਗ ਕੀਤੀ ਗਈ ਸੀ। ਸਾਲ 2013-14 ਲਈ ਇਸ ਮਹੱਤਵਪੂਰਨ ਪ੍ਰਾਜੈਕਟ ਲਈ 310 ਕਰੋੜ ਰੁਪਏ ਦਾ ਖਰਚ ਮਖਸੂਸ ਕੀਤਾ ਗਿਆ ਹੈ ਅਤੇ ਇਸ ਨਾਲ 2400 ਕਿ.ਮੀ. ਲੰਮੇ ਜਲ ਮਾਰਗਾਂ ਦੀ ਲਾਇਨਿੰਗ ਕੀਤੀ ਜਾਵੇਗੀ।

50. ਰਾਜ ਵਿਚ ਕੰਡੀ ਖੇਤਰ ਅਤੇ ਦੂਸਰੀਆਂ ਸੇਮ ਵਿਰੋਧੀ ਗਤੀਵਿਧੀਆਂ ਲਈ ਨਹਿਰਾਂ ਦੀ ਲਾਇਨਿੰਗ ਅਤੇ ਨਾਲਿਆਂ ਅਤੇ ਸਹਾਇਕ ਨਦੀਆਂ ਦੇ ਨਿਰਮਾਣ ਅਤੇ 280 ਡੂੰਘੇ ਟਿਊਬਵੈਲਾਂ ਦੀ ਸਥਾਪਤੀ ਵਾਲੇ ਨਾਬਾਰਡ ਪ੍ਰਾਜੈਕਟਾਂ ਲਈ 282 ਕਰੋੜ ਰੁਪਏ ਦੀ ਰਕਮ ਮਖਸੂਸ ਕੀਤੀ ਗਈ ਹੈ।

## ਬਿਜਲੀ

51. 3209 ਕਰੋੜ ਰੁਪਏ ਦੇ ਖਰਚ ਨਾਲ ਬਿਜਲੀ ਸੈਕਟਰ ਕੁੱਲ ਯੋਜਨਾ ਦਾ 20 ਫ਼ੀਸਦ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਬਣਦਾ ਹੈ। ਮਹੱਤਵਪੂਰਨ ਮਖਸੂਸੀਆਂ ਹਨ :

- 1209 ਕਰੋੜ ਰੁਪਏ- ਸੰਚਾਰ ਲਈ।
- 750 ਕਰੋੜ ਰੁਪਏ- ਉਤਪਾਦਨ ਲਈ।
- 750 ਕਰੋੜ ਰੁਪਏ- ਫੰਡ ਲਈ।
- 500 ਕਰੋੜ ਰੁਪਏ- ਰੀ-ਸਟਰੱਕਚਰਡ ਐਕਸੈਲਰੇਟਡ ਪਾਵਰ ਡਿਵੈਲਪਮੈਂਟ ਰੀਫੋਰਮ ਪ੍ਰੋਗਰਾਮ ਲਈ।
- 50 ਕਰੋੜ ਰੁਪਏ- ਰਹਿ ਗਈਆਂ ਢਾਣੀਆਂ ਨੂੰ ਸ਼ਹਿਰੀ ਤਰਜ਼ ਤੇ 24 ਘੰਟੇ ਬਿਜਲੀ ਸਪਲਾਈ ਕਰਵਾਉਣ ਲਈ।

52. ਰਾਜ ਸਰਕਾਰ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ ਪੰਜਾਬ ਨੂੰ ਮਾਰਚ, 2014 ਤੱਕ ਵਾਫਰ ਬਿਜਲੀ ਵਾਲਾ ਸੂਬਾ ਬਣਾਉਣ ਲਈ ਇਕ ਸਕੀਮ ਸ਼ੁਰੂ ਕੀਤੀ ਹੈ। ਸਾਲ 2007-09 ਵਿਚ 3920 ਮੈਗਾਵਾਟ ਉਤਪਾਦਨ ਸਮਰੱਥਾ ਵਾਲੇ ਤਿੰਨ ਥਰਮਲ ਪਾਵਰ ਪ੍ਰਾਜੈਕਟ ਪ੍ਰਾਈਵੇਟ ਵਿਕਾਸਕਾਰਾਂ ਨੂੰ ਅਲਾਟ ਕੀਤੇ ਗਏ। ਤਲਵੰਡੀ ਸਾਬੋ ਵਿਖੇ 1980 ਮੈਗਾਵਾਟ ਪਲਾਂਟ, ਗੋਇੰਦਵਾਲ ਸਾਹਿਬ ਵਿਖੇ 540 ਮੈਗਾਵਾਟ ਪਲਾਂਟ ਅਤੇ ਰਾਜਪੁਰਾ ਵਿਖੇ 1400 ਮੈਗਾਵਾਟ ਪਲਾਂਟ ਦਾ ਕਾਰਜ ਪੂਰੇ ਜ਼ੋਰਾਂ ਤੇ ਹੈ। ਇਹ ਪਲਾਂਟ ਨਿਜੀ ਕੰਪਨੀਆਂ ਅਰਥਾਤ ਕ੍ਰਮਵਾਰ ਸਟਰਲਾਈਟ ਐਨਰਜੀ, ਜੀ.ਵੀ.ਕੇ. ਅਤੇ ਐਲ.ਐਂਡ.ਟੀ ਵਲੋਂ ਵਿਕਸਤ ਕੀਤੇ ਜਾ ਰਹੇ ਹਨ। ਇਨ੍ਹਾਂ ਤਿੰਨਾਂ ਪਾਵਰ ਪਲਾਂਟਾਂ ਦੇ ਸਾਰੇ ਯੂਨਿਟ ਮਈ, 2013 ਤੋਂ ਮਈ, 2014 ਤੱਕ ਕਾਰਜਸ਼ੀਲ ਹੋ ਜਾਣਗੇ। 206 ਮੈਗਾਵਾਟ ਦੇ ਸ਼ਾਹਪੁਰ ਕੰਡੀ ਡੈਮ ਦਾ ਨਿਰਮਾਣ ਕਾਰਜ ਵੀ ਇਸ ਸਾਲ ਸ਼ੁਰੂ ਹੋਣਾ ਹੈ। ਜਦੋਂ ਇਕ ਵਾਰ ਇਹ ਪਲਾਂਟ ਸ਼ੁਰੂ ਹੋ ਜਾਣਗੇ ਤਾਂ ਰਾਜ ਮੁਕੰਮਲ ਤੌਰ ਤੇ ਸਵੈ-ਨਿਰਭਰ ਹੋ ਜਾਵੇਗਾ ਅਤੇ ਬਿਜਲੀ ਦੀ ਕੋਈ ਕਮੀ ਨਹੀਂ ਰਹੇਗੀ। 2640 ਮੈਗਾਵਾਟ ਵਾਲਾ ਗਿੱਦੜਬਾਹਾ ਥਰਮਲ ਪਾਵਰ ਪਲਾਂਟ ਦਾ ਕਾਰਜ ਐਨ.ਟੀ.ਪੀ.ਸੀ. ਨੂੰ ਅਲਾਟ ਕੀਤਾ ਗਿਆ ਹੈ ਪ੍ਰੰਤੂ ਕੋਲਾ ਸ੍ਰੋਤਾਂ ਦੀ ਘਾਟ ਕਾਰਨ ਕੰਮ ਰੁਕ ਗਿਆ ਹੈ।

53. ਸਾਡੀ ਸਰਕਾਰ ਦਾ ਜ਼ੋਰ ਰਿਹਾ ਹੈ ਕਿ ਪੰਜਾਬ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਨੂੰ ਵਾਧੂ ਬਿਜਲੀ ਮਿਲੇ ਇਸ ਲਈ ਸਰਕਾਰ ਦੀ ਤਜਵੀਜ਼ ਰਹੀ ਹੈ ਕਿ ਸ਼ਹਿਰੀ ਕੂੜਾ ਅਤੇ ਖੇਤਾਂ ਤੋਂ ਬਾਇਓ ਮਾਸ ਬਿਜਲੀ ਬਣਾਈ ਜਾਵੇ। ਇਸ ਨਾਲ ਕਿਸਾਨਾਂ ਨੂੰ ਵਾਧੂ ਆਮਦਨ ਹੋਵੇਗੀ। ਨਵੰਬਰ, 2012 ਵਿਚ ਨਵੀਂ ਦਿੱਲੀ ਵਿਖੇ ਕੌਂਸਲ ਆਫ ਪਾਵਰ ਯੂਟੀਲੀਟੀਜ਼ ਦੁਆਰਾ ਇੰਡੀਆ ਪਾਵਰ ਅਵਾਰਡਸ ਸਮੇਂ ਟਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ (ਟੀ.ਐਂਡ.ਈ) ਘਾਟਿਆਂ ਦੀ ਕਮੀ ਲਈ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਨੂੰ ਜੇਤੂ ਐਲਾਨਿਆ ਗਿਆ ਸੀ। ਰਾਜ ਨੇ ਆਪਣੇ ਸੰਚਾਰ ਅਤੇ ਫੰਡ ਘਾਟਿਆਂ ਨੂੰ ਸਾਲ 2009-10 ਦੌਰਾਨ 20.12 ਫ਼ੀਸਦ ਤੋਂ ਘਟਾ ਕੇ ਸਾਲ 2012-13 ਦੌਰਾਨ 17.72 ਫ਼ੀਸਦ ਤੇ ਲੈ ਆਉਂਦਾ ਹੈ ਅਤੇ ਸਾਲ 2015-16 ਤੱਕ

ਇਸ ਨੂੰ 15 ਫ਼ੀਸਦ ਤੱਕ ਲਿਆਉਣ ਦਾ ਉਦੇਸ਼ ਹੈ। ਰੀਸਟਰਕਚਰਡ ਐਕਸੈਲਰੇਟਿਡ ਪਾਵਰ ਡਿਵੈਲਪਮੈਂਟ ਐਂਡ ਰਿਫੋਰਮਜ਼ ਪ੍ਰੋਗਰਾਮ ਦਾ ਉਦੇਸ਼ ਸੇਵਾ ਗੁਣਵੱਤਾ ਵਿਚ ਸੁਧਾਰ ਲਿਆਉਣ ਲਈ ਸੂਚਨਾ ਤਕਨਾਲੋਜੀ ਦੀ ਵਰਤੋਂ ਅਤੇ ਸੰਚਾਰ ਅਤੇ ਵੰਡ ਘਾਟਿਆਂ ਨੂੰ ਘੱਟ ਕਰਨਾ ਹੈ। ਇਹ ਪ੍ਰੋਗਰਾਮ 30,000 ਤੋਂ ਵੱਧ ਦੀ ਆਬਾਦੀ ਵਾਲੇ 47 ਕਸਬਿਆਂ ਵਿਚ ਅਮਲ ਵਿਚ ਲਿਆਂਦਾ ਜਾ ਰਿਹਾ ਹੈ। ਰਾਜੀਵ ਗਾਂਧੀ ਗ੍ਰਾਮੀਣ ਵਿਦਯੁਤੀਕਰਨ ਯੋਜਨਾ ਅਧੀਨ 80,000 ਬੀ.ਪੀ.ਐਲ. ਪਰਿਵਾਰਾਂ ਨੂੰ ਸਿੰਗਲ ਪੁਆਇੰਟ ਕੁਨੈਕਸ਼ਨ ਸਮੇਤ ਪੇਂਡੂ ਘਰਾਂ ਨੂੰ ਬਿਜਲੀ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਦਾ ਕਾਰਜ 31.3.2013 ਤੱਕ ਮੁਕੰਮਲ ਕਰ ਲਿਆ ਜਾਵੇਗਾ।

## ਨਵਿਆਉਣਯੋਗ ਊਰਜਾ

54. ਸਾਡੀ ਸਰਕਾਰ ਨੇ 'ਨਿਊਐਂਡ ਰੀਨਿਉਏਬਲ ਸੋਰਸਿਜ਼ ਆਫ ਐਨਰਜੀ 2012' ਸਬੰਧੀ ਪਾਲਿਸੀ ਅਧਿਸੂਚਿਤ ਕੀਤੀ ਹੈ ਜੋ ਕਿ ਸੋਲਰ ਅਤੇ ਬਾਇਓਮਾਸ ਆਧਾਰਿਤ ਤਕਨਾਲੋਜੀਆਂ ਅਤੇ ਊਰਜਾ ਸੰਭਾਲ ਉਪਾਵਾਂ ਨੂੰ ਉਤਸ਼ਾਹਿਤ ਕਰਕੇ ਸਥਾਈ ਊਰਜਾ ਸਰੋਤਾਂ ਲਈ ਕਾਰਜ ਕਰਦੀ ਹੈ। ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ ਨੇ ਪੈਡੀ ਪਰਾਲੀ ਅਤੇ ਨਾੜ ਨੂੰ ਸਾੜਨ ਤੋਂ ਰੋਕਣ ਲਈ ਅਤੇ ਨਗਰ ਪਾਲਿਕਾ ਕੂੜੇ ਨੂੰ ਠੀਕ ਤਰ੍ਹਾਂ ਡਿਸਪੋਜ਼ ਕਰਨ ਲਈ ਇਕ ਯੋਜਨਾ ਬਣਾਈ ਹੈ। ਇਸ ਦੇ ਮੁਤਾਬਕ ਪਰਾਲੀ ਤੋਂ 800 ਮੈਗਾਵਾਟ ਬਿਜਲੀ ਬਣਾਈ ਜਾਵੇਗੀ। ਕਿਸਾਨਾਂ ਨੂੰ ਵੇਲਰ ਅਤੇ ਰੀਪਰ ਦੀ ਖਰੀਦ ਲਈ 50 ਫ਼ੀਸਦੀ ਸਬਸਿਡੀ ਦਿੱਤੀ ਜਾਵੇਗੀ। (ਥੰਪਿੰਗ) ਇਸ ਨਾਲ ਪ੍ਰਦੂਸ਼ਣ ਰੁਕੇਗਾ ਅਤੇ ਕਿਸਾਨਾਂ ਨੂੰ ਵੱਧ ਆਮਦਨ ਹੋਵੇਗੀ। ਏਜੰਸੀ ਸ਼ਹਿਰੀ ਕੂੜੇ ਤੋਂ 200 ਮੈਗਾਵਾਟ ਬਿਜਲੀ ਪੈਦਾ ਕਰਨ ਲਈ ਪ੍ਰਾਈਵੇਟ ਪਾਰਟੀਆਂ ਦੀ ਮਦਦ ਕਰੇਗੀ ਅਤੇ 1 ਮੈਗਾਵਾਟ ਪਿਛੇ 3 ਕਰੋੜ ਰੁਪਏ ਦੀ ਸਬਸਿਡੀ ਵੀ ਦਿੱਤੀ ਜਾਵੇਗੀ। (ਥੰਪਿੰਗ) ਸੂਰਜੀ ਊਰਜਾ ਤੋਂ 300 ਮੈਗਾਵਾਟ ਬਿਜਲੀ ਪੈਦਾ ਕਰਨ ਲਈ ਟੈਂਡਰ ਲਾਏ ਜਾ ਚੁੱਕੇ ਹਨ। ਸ਼ੂਗਰ ਮਿੱਲ ਅਤੇ ਡਿਸਟਿਲਰੀ ਵਿੱਚ ਕੋ-ਜੈਨਰੇਸ਼ਨ ਰਾਹੀਂ 200 ਮੈਗਾਵਾਟ ਦੇ ਪਲਾਂਟ ਲਾਏ ਜਾਣਗੇ। ਪਿਛਲੇ ਪੰਜ ਸਾਲਾਂ ਦੌਰਾਨ 504 ਮੈਗਾਵਾਟ ਊਰਜਾ ਸਮਰਥਾ ਦਾ ਉਤਪਾਦਨ ਕੀਤਾ ਗਿਆ। ਅਮਲ ਅਧੀਨ ਪ੍ਰਾਜੈਕਟ ਹਨ: 2.5 ਮੈਗਾਵਾਟ ਸਮਰਥਾ ਵਾਲੇ 4 ਮਿੰਨੀ ਹਾਈਡਲ ਪ੍ਰਾਜੈਕਟ, 73 ਮੈਗਾਵਾਟ ਸਮਰਥਾ ਵਾਲੇ 7 ਕੋ-ਜੈਨਰੇਸ਼ਨ ਬਿਜਲੀ ਪ੍ਰਾਜੈਕਟ ਅਤੇ 20 ਮੈਗਾਵਾਟ ਸਮਰਥਾ ਵਾਲਾ ਸੂਰਜੀ ਉਰਜਾ ਪ੍ਰਾਜੈਕਟ। ਚਲੰਤ ਸਾਲ ਲਈ ਤਜਵੀਜ਼ ਕੀਤੇ ਪ੍ਰਾਜੈਕਟ ਹਨ: 300 ਮੈਗਾਵਾਟ ਸੋਲਰ ਪਾਵਰ ਪ੍ਰਾਜੈਕਟ, 150 ਮੈਗਾਵਾਟ ਬਾਇਓਮਾਸ ਅਤੇ 50 ਮੈਗਾਵਾਟ ਮਿੰਨੀ ਹਾਇਡਲ ਪ੍ਰਾਜੈਕਟ।

55. ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ ਨੂੰ ਇਕ ਅਥਾਰਟੀ ਵਿੱਚ ਤਬਦੀਲ ਕੀਤਾ ਜਾਵੇਗਾ। ਸਰਕਾਰ ਦੇ ਸਾਰੇ ਵਿਭਾਗਾਂ ਵਿੱਚ ਰੀਨੀਊਏਬਲ ਊਰਜਾ ਅਤੇ ਬਿਜਲੀ ਬਚਾਉਣ ਲਈ ਇਸ ਅਥਾਰਟੀ ਨੂੰ ਸਾਰੇ ਅਖਤਿਆਰ ਦਿੱਤੇ ਜਾਣਗੇ। ਸ਼ਹਿਰੀ ਕੂੜੇ

ਤੋਂ ਊਰਜਾ ਬਣਾਉਣ ਲਈ ਵੀ ਅਖਤਿਆਰ ਇਸ ਅਥਾਰਟੀ ਨੂੰ ਦਿੱਤੇ ਜਾਣਗੇ।

**ਉਦਯੋਗ**

56. ਉਦਯੋਗ ਜਿਵੇਂ ਕਿ ਬਿਜਲੀ, ਸੜਕਾਂ, ਜਲ ਸਪਲਾਈ ਆਦਿ ਲਈ ਸਾਧਾਰਨ ਬੁਨਿਆਦੀ ਢਾਂਚੇ ਲਈ, ਖਰਚ ਸਬੰਧਿਤ ਵਿਭਾਗਾਂ ਦੇ ਬਜਟਾਂ ਵਿਚ ਮਖਸੂਸ ਕੀਤੇ ਗਏ ਹਨ। ਵਿਭਾਗ ਲਈ ਸਾਲ 2013-14 ਵਿਚ ਉਦਯੋਗਿਕ ਫੋਕਲ ਪੁਆਇੰਟਾਂ ਅਤੇ ਐਨ.ਆਈ.ਆਈ.ਐਫ.ਟੀ., ਮੋਹਾਲੀ ਦੇ ਨਵੀਨੀਕਰਨ ਲਈ 285 ਕਰੋੜ ਰੁਪਏ ਦਾ ਖਰਚ ਹੈ।

57. ਸਾਡੀ ਸਰਕਾਰ ਨੇ ਬਠਿੰਡਾ ਵਿਖੇ 21,500 ਕਰੋੜ ਦੇ ਨਿਵੇਸ਼ ਵਾਲੇ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਨੂੰ ਆਪਣੇ ਸੰਗਠਿਤ ਯਤਨਾਂ ਦੁਆਰਾ ਸਮਾਂਬੱਧ ਸੰਪੂਰਨਤਾ ਯਕੀਨੀ ਬਣਾਇਆ ਹੈ। ਇਹ ਲਗਭਗ 25,000 ਵਿਅਕਤੀਆਂ ਨੂੰ ਸਿੱਧੇ ਅਤੇ ਅਸਿੱਧੇ ਰੂਪ ਵਿਚ ਰੋਜ਼ਗਾਰ ਮੁਹੱਈਆ ਕਰਵਾਏਗੀ। ਸਹਾਇਕ ਯੂਨਿਟਾਂ ਨੂੰ ਪ੍ਰੋਤਸਾਹਿਤ ਕਰਨ ਲਈ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਇਸ ਦੇ ਨਾਲ ਲਗਦੇ ਖੇਤਰ ਵਿਚ ਪਲਾਸਟਿਕ ਪਾਰਕ ਅਤੇ ਇਕ ਪੈਟਰੋਲੀਅਮ ਖੋਜ ਅਤੇ ਵਿਕਾਸ ਸੰਸਥਾ ਦੀ ਪ੍ਰਵਾਨਗੀ ਦਿੱਤੀ ਜਾਵੇ।

58. ਸਾਡੀ ਸਰਕਾਰ ਨੇ ਸਾਲ 2009 ਵਿਚ ਮੈਗਾ ਪ੍ਰਾਜੈਕਟਾਂ ਮਾਪਦੰਡ ਉਦਾਰ ਕਰਨ ਲਈ ਇਕ ਨਵੀਂ ਉਦਯੋਗਿਕ ਨੀਤੀ ਅਧਿਸੂਚਿਤ ਕੀਤੀ ਹੈ। 20,568 ਕਰੋੜ ਰੁਪਏ ਦੇ ਨਿਵੇਸ਼ ਨਾਲ 202 ਮੈਗਾ ਪ੍ਰਾਜੈਕਟ ਸਥਾਪਤ ਕੀਤੇ ਜਾ ਰਹੇ ਹਨ। ਸਾਡਾ ਉਦਯੋਗਿਕ ਪਸਾਰ ਵਿਚ ਛੋਟੇ ਅਤੇ ਦਰਮਿਆਨੇ ਉਦਮਾਂ ਨਾਲ ਪ੍ਰਭਾਵਿਤ ਹੈ ਜੋ ਕਿ ਕੁੱਲ ਉਦਯੋਗਿਕ ਯੂਨਿਟਾਂ ਦਾ 95 ਫ਼ੀਸਦ ਤੋਂ ਵੱਧ ਹਨ ਜਿਹੜੇ 12.75 ਲੱਖ ਵਿਅਕਤੀਆਂ ਨੂੰ ਰੋਜ਼ਗਾਰ ਮੁਹੱਈਆ ਕਰਵਾ ਰਹੇ ਹਨ। ਜਲੰਧਰ ਵਿਖੇ 79 ਕਰੋੜ ਰੁਪਏ ਦੀ ਲਾਗਤ ਨਾਲ ਹੈਂਡਲੂਮ ਟੂਲਜ਼ ਕਲਸਟਰ ਸਥਾਪਿਤ ਕੀਤਾ ਜਾ ਰਿਹਾ ਹੈ। ਬਟਾਲਾ ਵਿਖੇ 83 ਕਰੋੜ ਰੁਪਏ ਦੀ ਲਾਗਤ ਨਾਲ ਇਕ ਹੋਰ ਮਸ਼ੀਨ ਟੂਲਜ਼ ਕਲਸਟਰ ਸਥਾਪਿਤ ਕਰਨ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਅਸੀਂ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਦਿੱਲੀ-ਮੁੰਬਈ ਉਦਯੋਗਿਕ ਕੋਰੀਡੋਰ ਅਤੇ ਪੂਰਬੀ ਫਰੇਟ ਕੋਰੀਡੋਰ ਜੋ ਕਿ ਮੌਜੂਦਾ ਸਮੇਂ ਕੇਵਲ ਲੁਧਿਆਣਾ ਤੱਕ ਹੀ ਤਜਵੀਜ਼ਿਆ ਗਿਆ ਹੈ, ਨੂੰ ਅੰਮ੍ਰਿਤਸਰ ਤੱਕ ਵਧਾਇਆ ਜਾਵੇ।

59. ਰਾਜ ਵਿਚ ਵਪਾਰਕ ਮਾਹੌਲ ਨੂੰ ਹੋਰ ਉਤਸ਼ਾਹਿਤ ਕਰਨ ਲਈ, ਇਕ ਨਵੀਂ ਇਨਵੈਸਟਮੈਂਟ ਨੀਤੀ ਛੇਤੀ ਹੀ ਐਲਾਨੀ ਜਾ ਰਹੀ ਹੈ। ਇਹ ਰਾਜ ਦੀ ਸਹਿਜ ਤਰੱਕੀ, ਸਮੁੱਚੇ ਵਿਕਾਸ ਤੇ ਲਾਭ ਉਪਰ ਕੇਂਦਰਿਤ ਹੋਵੇਗੀ ਅਤੇ ਅਗਲੇ 25 ਸਾਲਾਂ ਵਿਚ ਰਾਜ ਵਿਚ ਉਦਯੋਗਿਕ ਇਨਕਲਾਬ ਲਿਆਉਣ ਲਈ ਵਿਸਤ੍ਰਿਤ ਖਾਕਾ ਤਿਆਰ ਕਰੇਗੀ। ਇਹ ਨਵੀਂ ਨੀਤੀ ਰਾਜ ਦੇ ਉਦਯੋਗਾਂ ਅਤੇ ਪੰਜਾਬ ਰਾਜ ਪ੍ਰਬੰਧ

ਸੁਧਾਰ ਕਮਿਸ਼ਨ ਵੱਲੋਂ ਦਿੱਤੇ ਸੁਝਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਬਣਾਈ ਗਈ ਹੈ। ਸਰਕਾਰ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਅਧੀਨ ਲੁਧਿਆਣਾ ਅਤੇ ਅੰਮ੍ਰਿਤਸਰ ਵਿਖੇ ਐਗਜ਼ੀਬੀਸ਼ਨ ਅਤੇ ਟਰੇਡ ਫੇਅਰ ਗਰਾਊਂਡ ਬਣਾਏਗੀ। ਮੋਹਾਲੀ ਵਿਖੇ 4000 ਆਦਮੀਆਂ ਲਈ ਐਕਸਪੋ ਅਤੇ ਕਨਵੈਨਸ਼ਨਲ ਸੈਂਟਰ ਬਣਾਇਆ ਜਾਵੇਗਾ। (ਥੰਪਿੰਗ)

60. ਉਦਯੋਗਾਂ ਅਤੇ ਬੁਨਿਆਦੀ ਢਾਂਚੇ ਵਿਚ ਸੁਧਾਰ ਅਤੇ ਫੋਕਲ ਪੁਆਇੰਟਾਂ ਦੀ ਵਧੀਆ ਸਾਂਭ ਸੰਭਾਲ ਨੂੰ ਯਕੀਨੀ ਬਣਾਉਣ ਲਈ, ਪੰਜਾਬ ਕਾਮਨ ਇਨਫ੍ਰਾਸਟ੍ਰਕਚਰ (ਵਿਨਿਯਮ ਅਤੇ ਸਾਂਭ ਸੰਭਾਲ) ਐਕਟ-2012 ਬਣਾਇਆ ਗਿਆ ਹੈ। ਇਸ ਐਕਟ ਅਨੁਸਾਰ ਹਰ ਉਦਯੋਗਿਕ ਖੇਤਰ ਜਾਂ ਫੋਕਲ ਪੁਆਇੰਟ ਵਿੱਚ ਸਥਿਤ ਉਦਯੋਗਪਤੀਆਂ ਦੀ ਸੰਸਥਾ, ਆਮ ਸਹੂਲਤਾਂ ਅਤੇ ਬੁਨਿਆਦੀ ਢਾਂਚੇ ਦੀ ਦੇਖ-ਭਾਲ ਆਪਣੇ ਪੱਧਰ ਤੇ ਕਰ ਸਕਦੀ ਹੈ।

61. ਨਵੇਂ ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਅਧਿਸੂਚਿਤ ਕੀਤੇ ਗਏ ਹਨ। ਹੁਣ ਇਕ ਜ਼ਿਲ੍ਹਾ ਪੱਧਰੀ ਕਮੇਟੀ ਵਾਤਾਵਰਣ ਪ੍ਰਬੰਧਨ ਪਲਾਨ (ਈ.ਐਸ.ਪੀ.) ਨੂੰ ਪੰਜ ਹੈਕਟੇਅਰ ਤੱਕ ਖੁਦਾਈ ਦੀ ਪਰਵਾਨਗੀ ਦੇਵੇਗੀ ਜਿਸ ਵਿਚ ਉਨ੍ਹਾਂ ਦੀ ਤਾਮੀਲ ਦਾ ਨਿਰੀਖਣ ਕਰਨ ਦਾ ਉਪਬੰਧ ਹੋਵੇਗਾ। ਵਾਤਾਵਰਣ ਅਤੇ ਜੰਗਲਾਤ ਮੰਤਰਾਲੇ, ਭਾਰਤ ਸਰਕਾਰ ਵੱਲੋਂ ਵਾਤਾਵਰਣ ਕਲੀਅਰੈਂਸ ਨਾ ਮਿਲਣ ਕਾਰਣ ਪੰਜਾਬ ਨੂੰ ਉਸਾਰੀ ਸਮੱਗਰੀ ਜਿਵੇਂ ਰੇਤਾ, ਇੱਟਾਂ ਆਦਿ ਦੀ ਭਾਰੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਕਾਰਣ ਰਾਜ ਵਿਚ ਉਸਾਰੀ ਕਾਰਜਾਂ ਵਿਚ ਪੂਰਨ ਰੂਪ ਵਿਚ ਠਹਿਰਾਓ ਆ ਗਿਆ ਹੈ। ਸਰਕਾਰ ਇਸ ਮਸਲੇ ਨੂੰ ਭਾਰਤ ਸਰਕਾਰ ਨਾਲ ਹੱਲ ਕਰਨ ਦੇ ਯਤਨ ਕਰ ਰਹੀ ਹੈ।

62. ਸਾਡੇ ਵੱਲੋਂ ਆਪਣੇ ਚੋਣ ਮੈਨੀਫੈਸਟੋ ਵਿਚ ਵਾਅਦੇ ਅਨੁਸਾਰ ਰਾਜ ਸਰਕਾਰ ਮੋਹਾਲੀ ਅਤੇ ਅੰਮ੍ਰਿਤਸਰ ਵਿਖੇ ਆਈ.ਟੀ. ਅਤੇ ਨਾਲੇਜ ਹੱਬ ਦੇ ਵਿਕਾਸ ਕਰਨ ਲਈ ਵਿਸ਼ੇਸ਼ ਧਿਆਨ ਦੇਵੇਗੀ। ਇਨ੍ਹਾਂ ਦੋਵਾਂ ਸ਼ਹਿਰਾਂ ਵਿਚ ਅੰਤਰਰਾਸ਼ਟਰੀ ਹਵਾਈ ਅੱਡੇ ਹਨ ਅਤੇ ਇਨ੍ਹਾਂ ਖੇਤਰਾਂ ਵਿਚ ਵਧੀਆ ਮਨੁੱਖੀ ਸ੍ਰੋਤ ਉਪਲਬਧ ਹਨ। ਸਰਕਾਰ ਇਨ੍ਹਾਂ ਸ਼ਹਿਰਾਂ ਵਿਚ ਵਿਸ਼ਵ ਪੱਧਰ ਦਾ ਬੁਨਿਆਦੀ ਢਾਂਚਾ ਬਨਾਉਣ ਦੀ ਯੋਜਨਾ ਬਣਾ ਰਹੀ ਹੈ। ਗਮਾਡਾ ਨੇ ਮੁਹਾਲੀ ਵਿਖੇ ਆਈ.ਟੀ.ਸਿਟੀ ਦੇ ਵਿਕਾਸ ਲਈ ਪਹਿਲਾਂ ਹੀ 1688 ਏਕੜ ਭੂਮੀ ਗ੍ਰਹਿਣ ਕਰ ਲਈ ਹੈ। ਇਨ੍ਹਾਂ ਆਈ.ਟੀ. ਹਬਾਂ ਦੇ ਵਿਕਾਸ ਨਾਲ ਰਾਜ ਦੇ ਨੌਜਵਾਨਾਂ ਨੂੰ ਰੁਜ਼ਗਾਰ ਪ੍ਰਾਪਤ ਕਰਨ ਦੇ ਨਵੇਂ ਮੌਕੇ ਮਿਲਣਗੇ।

## ਰੋਡ ਟ੍ਰਾਂਸਪੋਰਟ

63. ਸਾਲ 2013-14 ਵਿਚ 4200 ਕਰੋੜ ਰੁਪਏ ਸੜਕਾਂ ਦੇ ਬੁਨਿਆਦੀ ਢਾਂਚੇ ਤੇ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਖਰਚ ਕਰਨ ਦੀ ਤਜਵੀਜ਼ ਹੈ। (ਥੰਪਿੰਗ) ਜਿਸ ਦੀ ਮੁੱਖ ਵੰਡ ਹੇਠ ਲਿਖੇ ਅਨੁਸਾਰ ਹੈ:-

- 1700 ਕਰੋੜ ਰੁਪਏ- ਜੋ 11500 ਕਿਲੋਮੀਟਰ ਸੜਕਾਂ ਰਿਪੇਅਰ ਲਈ ਡਿਊ ਹਨ ਉਨ੍ਹਾਂ ਦੀ ਰਿਪੇਅਰ। (ਥੰਪਿੰਗ)
- 600 ਕਰੋੜ ਰੁਪਏ- 1092 ਕਿਲੋਮੀਟਰ ਪੇਂਡੂ ਸੜਕਾਂ ਦੇ ਆਧੁਨਿਕੀਕਰਨ ਲਈ।
- 200 ਕਰੋੜ ਰੁਪਏ- ਵਿਸ਼ਵ ਬੈਂਕ ਦੀ ਸਹਾਇਤਾ ਨਾਲ 203 ਕਿ.ਮੀ. ਸੜਕਾਂ ਨੂੰ ਮਜ਼ਬੂਤ ਕਰਨ ਲਈ।
- 200 ਕਰੋੜ ਰੁਪਏ- ਰਾਜ ਵਿਚ 350 ਕਿਲੋਮੀਟਰ ਸੜਕਾਂ ਅਤੇ 15 ਪੁਲ ਪ੍ਰੋਜੈਕਟਾਂ ਦੇ ਆਧੁਨਿਕੀਕਰਨ ਲਈ।
- 70 ਕਰੋੜ ਰੁਪਏ- ਸੜਕਾਂ ਦੇ ਮੌਜੂਦਾ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ ਲਈ ਕੇਂਦਰੀ ਸੜਕ ਫੰਡ ਲਈ।

64. ਪਿਛਲੇ ਪੰਜ ਸਾਲਾਂ ਦੌਰਾਨ ਕੌਮੀ ਸ਼ਾਹਰਾਹਾਂ ਦੀਆਂ 405 ਕਿਲੋਮੀਟਰ ਲੰਮੀਆਂ ਸੜਕਾਂ ਨੂੰ 4 ਮਾਰਗੀ ਬਣਾਇਆ ਹੈ। 4 ਰਾਸ਼ਟਰੀ ਰਾਜਮਾਰਗਾਂ, ਸ਼ੰਭੂ-ਜਲੰਧਰ, ਪਠਾਨਕੋਟ-ਅੰਮ੍ਰਿਤਸਰ, ਲੁਧਿਆਣਾ-ਤਲਵੰਡੀ ਭਾਈ ਅਤੇ ਭੋਗਪੁਰ-ਮੁਕੇਰੀਆਂ ਨੂੰ 4/6 ਮਾਰਗੀ ਬਣਾਉਣ ਦਾ ਕੰਮ ਪ੍ਰਗਤੀ ਅਧੀਨ ਹੈ। ਜ਼ੀਰਕਪੁਰ-ਪਟਿਆਲਾ-ਬਠਿੰਡਾ ਨੂੰ ਚਾਰ ਮਾਰਗੀ ਬਣਾਉਣ ਦਾ ਕੰਮ ਪਹਿਲਾਂ ਹੀ ਸੌਂਪਿਆ ਜਾ ਚੁੱਕਾ ਹੈ। 893 ਕਿਲੋਮੀਟਰ ਲੰਮੇ 4 ਕੌਮੀ ਰਾਜਮਾਰਗਾਂ, ਅਰਥਾਤ ਅੰਮ੍ਰਿਤਸਰ-ਸ਼੍ਰੀ ਗੰਗਾਨਗਰ, ਜਲੰਧਰ-ਜੀਂਦ, ਖਰੜ-ਲੁਧਿਆਣਾ ਅਤੇ ਜਲੰਧਰ-ਢਿਲਵਾਂ ਨੂੰ ਹਾਲੇ 4-6 ਮਾਰਗੀ ਬਣਾਉਣ ਦੀ ਲੋੜ ਹੈ। ਇਸ ਨੂੰ 12ਵੀਂ ਯੋਜਨਾ ਅਧੀਨ ਲੈਣ ਦੀ ਤਜਵੀਜ਼ ਹੈ ਅਤੇ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ ਬਣਾਉਣ ਅਤੇ ਹੋਰ ਪ੍ਰਕਿਰਿਆਵਾਂ ਪ੍ਰਗਤੀ ਅਧੀਨ ਹਨ। ਰਾਜ ਦੇ ਸਾਰੇ ਮੁੱਖ ਸ਼ਹਿਰਾਂ ਨੂੰ 11200 ਕਰੋੜ ਰੁਪਏ ਦੀ ਲਾਗਤ ਨਾਲ 4 ਲੇਨ ਹਾਈਵੇਜ ਨਾਲ ਜੋੜਿਆ ਜਾਵੇਗਾ। (ਥੰਪਿੰਗ)

*11.14 ਵਜੇ ਪੂਰਵ ਦੁਪਹਿਰ — (*ਇਸ ਸਮੇਂ ਸਰਦਾਰ ਇਕਬਾਲ ਸਿੰਘ ਝੂੰਦਾਂ, ਮੈਂਬਰ ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

65. ਸਾਡੀ ਸਰਕਾਰ, ਕੇਂਦਰੀ ਰੋਡ ਫੰਡ ਵਿਚ ਡੀਜ਼ਲ ਅਤੇ ਪੈਟਰੋਲ ਤੋਂ 1.5 ਰੁਪਏ ਪ੍ਰਤੀ ਲੀਟਰ ਦਾ ਕਰ ਲਗਾ ਕੇ ਲਗਭਗ 600 ਕਰੋੜ ਰੁਪਏ ਪ੍ਰਤੀ ਸਾਲ ਦਾ ਯੋਗਦਾਨ ਪਾ ਰਹੀ ਹੈ। ਸਾਲ 2010 ਵਿਚ ਭਾਰਤ ਸਰਕਾਰ ਨੇ ਰਾਜ ਨੂੰ ਇਸ ਲਾਭ ਤੋਂ ਵੰਚਿਤ ਕਰਨ ਲਈ ਸੀ.ਆਰ.ਐਫ ਅਧੀਨ ਫੰਡ ਵੰਡਣ ਦੇ ਫਾਰਮੂਲੇ ਵਿਚ ਤਬਦੀਲੀ ਕਰ ਦਿੱਤੀ ਸੀ। ਇਸ ਤਬਦੀਲੀ ਕਾਰਨ ਰਾਜਾਂ ਨੂੰ ਸਾਲਾਨਾ 35 ਫ਼ੀਸਦ ਤੋਂ ਵੱਧ ਦਾ ਘਾਟਾ ਝੱਲਣਾ ਪੈ ਰਿਹਾ ਹੈ। ਅਸੀਂ ਭਾਰਤ ਸਰਕਾਰ ਨੂੰ ਪਹਿਲਾਂ ਹੀ ਬੇਨਤੀ

ਕੀਤੀ ਹੈ ਕਿ ਉਹ 'ਰਾਜ ਦੇ ਖੇਤਰ ਦੇ ਮੁਕਾਬਲੇ ਡੀਜ਼ਲ ਦੀ ਖਪਤ ਵਾਲੇ' ਪਹਿਲੇ ਫਾਰਮੂਲੇ ਨੂੰ ਬਹਾਲ ਕਰੇ। ਰਾਜ ਸਰਕਾਰ ਪੀ.ਆਰ.ਟੀ.ਸੀ. ਅਤੇ ਪੰਜਾਬ ਰੋਡਵੇਜ਼ ਦੇ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ ਅਤੇ ਬੱਸਾਂ ਦੇ ਕਾਫਲੇ ਨੂੰ ਨਵਿਆਉਣ ਲਈ ਸਹਾਇਤਾ ਕਰਨ ਪ੍ਰਤੀ ਵਚਨਬੱਧ ਹੈ। ਸਾਲ 2012-13 ਵਿੱਚ ਪੀ.ਆਰ.ਟੀ.ਸੀ. ਨੂੰ 9 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਸੀ ਅਤੇ ਸਾਲ 2013-14 ਲਈ 10 ਕਰੋੜ ਰੁਪਏ ਦੀ ਰਕਮ ਮਖਸੂਸ ਕੀਤੀ ਗਈ ਹੈ।

## ਬੁਨਿਆਦੀ ਢਾਂਚਾ

66. ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ.ਆਈ.ਡੀ.ਬੀ.) ਰਾਜ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਦੀ ਨੋਡਲ ਏਜੰਸੀ ਹੈ, ਵੱਲੋਂ 12ਵੀਂ ਯੋਜਨਾ ਦੌਰਾਨ ਆਪਣੇ ਬਜਟ ਵਿਚੋਂ 5000 ਕਰੋੜ ਰੁਪਏ ਖਰਚ ਕਰਨ ਦੀ ਸੰਭਾਵਨਾ ਹੈ। ਸੈਰ ਸਪਾਟਾ, ਟ੍ਰਾਂਸਪੋਰਟ, ਸਿਹਤ ਅਤੇ ਸੜਕ ਖੇਤਰ ਵਿਚ ਸਰਕਾਰੀ ਨਿੱਜੀ ਭਾਈਵਾਲੀ ਅਧੀਨ ਕਾਰਜਾਂ ਤੇ 14,908 ਕਰੋੜ ਰੁਪਏ ਖਰਚ ਕਰਨ ਦੀ ਤਜਵੀਜ਼ ਹੈ। ਪ੍ਰਮੁੱਖ ਯੋਜਨਾਵਾਂ ਹੇਠ ਅਨੁਸਾਰ ਹਨ:-

- 8705 ਕਰੋੜ - ਮੈਟਰੋ ਰੇਲ ਪ੍ਰੋਜੈਕਟ ਲੁਧਿਆਣਾ (ਥੰਪਿੰਗ)
- 2500 ਕਰੋੜ - ਵਾਟਰ ਫਰੰਟ ਸਿਟੀ ਲੁਧਿਆਣਾ
- 900 ਕਰੋੜ - ਰੋਪੜ-ਫਗਵਾੜਾ ਐਕਸਪ੍ਰੈਸਵੇਅ
- 400 ਕਰੋੜ - ਪੰਜਾਬ ਦੇ ਵੱਖ-ਵੱਖ ਬੱਸ ਅੱਡੇ
- 130 ਕਰੋੜ - ਹਸਪਤਾਲ/ਜਾਂਚ ਕੇਂਦਰ
- 200 ਕਰੋੜ - ਅੰਮ੍ਰਿਤਸਰ ਸ਼ਹਿਰ ਲਈ ਪੀ.ਆਰ.ਟੀ. ਪ੍ਰਣਾਲੀ

67. ਸਾਲ 2013-14 ਦੌਰਾਨ ਪੀ.ਆਈ.ਡੀ.ਬੀ. ਵੱਖ-ਵੱਖ ਬੁਨਿਆਦੀ ਢਾਂਚੇ ਸਬੰਧੀ ਕਾਰਜਾਂ ਤੇ 1600 ਕਰੋੜ ਰੁਪਏ ਖਰਚ ਕਰੇਗੀ। ਕੁਝ ਮਹੱਤਵਪੂਰਨ ਪ੍ਰਾਜੈਕਟ ਇਹ ਹਨ:-

- 655 ਕਰੋੜ ਰੁਪਏ - ਸਿਧਵਾਂ ਨਹਿਰ ਬਾਈਪਾਸ ਲੁਧਿਆਣਾ, ਰੋਪੜ ਬਾਈਪਾਸ ਸੜਕਾਂ ਲਈ।
- 78 ਕਰੋੜ ਰੁਪਏ - 9 ਹਾਈ ਲੈਵਲ ਪੁਲ ਜਿਨ੍ਹਾਂ ਵਿਚ ਮੀਰਥਲ ਨੇੜੇ ਚੱਕੀ ਨਦੀ ਤੇ ਪੁਲ, ਸੁਲਤਾਨਪੁਰ ਲੋਧੀ ਵਿਖੇ ਬਿਆਸ ਦਰਿਆ ਤੇ ਧਨੋਆ ਪੱਤਣ ਅਤੇ ਚੋਲਾ ਸਾਹਿਬ ਰੋਡ ਸ਼ਾਮਲ ਹੈ।
- 59 ਕਰੋੜ ਰੁਪਏ - 18 ਰੇਲਵੇ ਉਪਰ ਬ੍ਰਿਜ/ਰੇਲਵੇ ਅੰਡਰ ਬ੍ਰਿਜ (ਆਰ.ਓ.ਬੀ./ ਆਰ.ਯੂ.ਬੀਜ਼) ਲਈ।

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

- 72 ਕਰੋੜ ਰੁਪਏ - ਜਲ ਸਪਲਾਈ, ਸੀਵਰੇਜ ਕਾਰਜਾਂ ਅਤੇ ਵੱਖ-ਵੱਖ ਕਸਬਿਆਂ ਵਿਚ ਐਸ.ਟੀ.ਪੀ. ਲਈ।
- 72 ਕਰੋੜ ਰੁਪਏ - ਪੇਂਡੂ/ਸ਼ਹਿਰੀ ਖੇਤਰਾਂ ਵਿਚ ਹੋਰ ਬੁਨਿਆਦੀ ਢਾਂਚੇ ਸਬੰਧੀ ਕਾਰਜਾਂ ਲਈ।

## ਸ਼ਹਿਰੀ ਹਵਾਬਾਜ਼ੀ

68. ਸਾਡੀ ਸਰਕਾਰ ਦੂਸਰੇ ਰਾਜਾਂ ਅਤੇ ਦੇਸ਼ਾਂ ਨਾਲ ਹਵਾਬਾਜ਼ੀ ਸੰਪਰਕ ਵਧਾਉਣ ਤੇ ਵਿਸ਼ੇਸ਼ ਧਿਆਨ ਦੇ ਰਹੀ ਹੈ। ਮੈਨੂੰ ਇਹ ਦੱਸਦਿਆਂ ਇਹ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਮੋਹਾਲੀ ਵਿਖੇ ਅੰਤਰ ਰਾਸ਼ਟਰੀ ਹਵਾਈ ਅੱਡੇ ਦਾ ਕੰਮ ਸ਼ੁਰੂ ਹੋ ਗਿਆ ਹੈ। 450 ਕਰੋੜ ਰੁਪਏ ਦਾ ਪਹਿਲੀ ਫੇਜ ਦਾ ਪ੍ਰਾਜੈਕਟ ਜਨਵਰੀ, 2015 ਤੱਕ ਪੂਰਾ ਹੋ ਜਾਣ ਦੀ ਆਸ ਹੈ। (ਥੰਪਿੰਗ) ਮੈਨੂੰ ਇਹ ਦੱਸਦਿਆਂ ਵੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਬਠਿੰਡਾ ਵਿਖੇ ਘਰੇਲੂ ਹਵਾਈ ਅੱਡਾ ਉਦਘਾਟਨ ਅਤੇ ਵਪਾਰਕ ਉਡਾਣਾਂ ਲਈ ਤਿਆਰ ਹੈ। (ਥੰਪਿੰਗ) ਲੁਧਿਆਣਾ ਵਿਖੇ ਉਦਯੋਗ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸਾਹਨੇਵਾਲ ਹਵਾਈ ਅੱਡੇ ਨੂੰ ਅਪਗਰੇਡ ਕਰਕੇ ਵੱਡੀਆਂ ਵਪਾਰਕ ਉਡਾਣਾਂ ਅਤੇ ਕਾਰਗੋ ਜਹਾਜ਼ਾਂ ਲਈ ਤਿਆਰ ਕੀਤਾ ਜਾਵੇਗਾ। ਇਕ ਇਨਟੀਗਰੇਟਡ ਐਰੋ ਸਿਟੀ ਕੰਪਲੈਕਸ ਜਿਸ ਵਿੱਚ ਕਾਰਗੋ ਅਤੇ ਵੇਅਰ ਹਾਊਸਿੰਗ ਸਹੂਲਤਾਂ ਵੀ ਦਿੱਤੀਆਂ ਜਾ ਰਹੀਆਂ ਹਨ, ਲਈ 1827 ਏਕੜ ਜ਼ਮੀਨ ਅਧਿਗ੍ਰਹਿਣ ਕੀਤੀ ਜਾ ਰਹੀ ਹੈ। (ਥੰਪਿੰਗ)

69. 12ਵੀਂ ਪੰਜ ਸਾਲਾ ਯੋਜਨਾ ਦੌਰਾਨ ਜਲੰਧਰ ਨੇੜੇ ਆਦਮਪੁਰ ਵਿਖੇ ਇੰਡੀਅਨ ਏਅਰ ਫੋਰਮ ਸਟੇਸ਼ਨ ਤੇ ਸਿਵਲ ਇਨਕਲੇਵ ਦਾ ਨਿਰਮਾਣ ਅਤੇ ਘਰੇਲੂ ਉਡਾਣਾਂ ਸ਼ੁਰੂ ਕਰਨ ਦੀ ਤਜਵੀਜ਼ ਹੈ। ਰੱਖਿਆ ਮੰਤਰਾਲੇ ਤੋਂ ਇਸ ਪ੍ਰਾਜੈਕਟ ਦਾ ਇਤਰਾਜ਼-ਹੀਣਤਾ ਸਰਟੀਫਿਕੇਟ ਪ੍ਰਾਪਤ ਕਰਨ ਲਈ ਪਹਿਲਾਂ ਹੀ ਬੇਨਤੀ ਕੀਤੀ ਜਾ ਚੁੱਕੀ ਹੈ।

## ਸੈਰ ਸਪਾਟਾ ਅਤੇ ਸਭਿਆਚਾਰ

70. ਮੁੱਖ ਖਰਚ ਹਨ :-

27 ਕਰੋੜ ਰੁਪਏ - ਰਾਜ ਵਿਚ ਸੈਰ ਸਪਾਟੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ।

30 ਕਰੋੜ ਰੁਪਏ - ਅੰਮ੍ਰਿਤਸਰ ਵਿਖੇ ਵਿਰਾਸਤੀ ਸਥਾਨਾਂ ਸਮੇਤ ਗੋਬਿੰਦਗੜ੍ਹ ਕਿਲ੍ਹੇ ਦੇ ਨਵੀਨੀਕਰਨ ਲਈ।

71. ਮੈਨੂੰ ਇਹ ਦੱਸਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਸ਼ਹੀਦਾਂ ਨੂੰ ਸ਼ਰਧਾਂਜਲੀ ਵਜੋਂ ਸਾਡੀ ਸਰਕਾਰ ਨੇ 87 ਕਰੋੜ ਰੁਪਏ ਦੀ ਲਾਗਤ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਵਿਰਾਸਤ ਕੰਪਲੈਕਸ ਨੂੰ ਮੁਕੰਮਲ ਕਰ ਲਿਆ (ਥੰਪਿੰਗ) ਅਤੇ ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਦਾ ਨਿਰਮਾਣ ਕਰਵਾਇਆ ਅਤੇ ਚੱਪੜਚਿੜੀ ਵਿਖੇ

ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ ਦਾ ਨਿਰਮਾਣ ਕਰਵਾਇਆ। ਜਿਵੇਂ ਕਿ ਸਾਡੇ ਚੋਣ ਮੈਨੀਫੈਸਟੋ ਵਿਚ ਦਰਜ ਹੈ, ਸਰਕਾਰ ਵੱਲੋਂ ਕਰਤਾਰਪੁਰ ਵਿਖੇ ਜੰਗ-ਏ-ਆਜ਼ਾਦੀ ਮੈਮੋਰੀਅਲ ਅਤੇ ਸ਼ਰਧਾਂਜਲੀ ਵਜੋਂ ਹੋਰ ਮੈਮੋਰੀਅਲ ਜਿਵੇਂ ਖੁਰਾਲਗੜ੍ਹ (ਹੁਸ਼ਿਆਰਪੁਰ) ਵਿਖੇ ਗੁਰੂ ਰਵਿਦਾਸ ਜੀ, ਅੰਮ੍ਰਿਤਸਰ ਵਿਖੇ ਭਗਵਾਨ ਬਾਲਮੀਕੀ ਜੀ, ਸੁਨਾਮ ਵਿਖੇ ਸ਼ਹੀਦ ਊਧਮ ਸਿੰਘ ਜੀ, ਬਾਬਾ ਮੋਤੀ ਰਾਮ ਮਹਿਰਾ ਜੀ (ਫਤਿਹਗੜ੍ਹ ਸਾਹਿਬ), ਸਵਾਮੀ ਵਿਵੇਕਾਨੰਦ ਜੀ ਕਰਤਾਰਪੁਰ ਵਿਖੇ ਸਵਾਮੀ ਗਿਰਜਾਨੰਦ ਜੀ ਅਤੇ ਬਾਬਾ ਜੀਵਨ ਸਿੰਘ ਜੀ ਦੀ ਯਾਦ ਵਿਚ ਮੈਮੋਰੀਅਲ ਦਾ ਨਿਰਮਾਣ ਕੀਤਾ ਜਾਵੇਗਾ। (ਥੰਪਿੰਗ)

## ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ

72. ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਤਕਨਾਲੋਜੀ ਵਾਤਾਵਰਣ ਸੁਧਾਰ, ਕੁਦਰਤੀ ਸ੍ਰੋਤ ਦੀ ਸੰਭਾਲ, ਉੱਨਤੀ ਅਤੇ ਇਸ ਦੇ ਪ੍ਰਸਾਰ ਲਈ ਕੇਂਦਰੀ ਏਜੰਸੀ ਹੈ। ਇਸ ਸਾਲ ਕੌਂਸਲ ਨੇ ਮੌਸਮੀ ਤਬਦੀਲੀ ਸਬੰਧੀ ਰਾਜ ਕਾਰਜੀ ਯੋਜਨਾ ਦਾ ਇਕ ਖਾਕਾ ਤਿਆਰ ਕੀਤਾ ਹੈ। ਸਾਲ 2013-14 ਵਿਚ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਵਿਖੇ ਮੌਸਮ ਤਬਦੀਲੀ ਗੈਲਰੀ ਵੀ ਸਥਾਪਿਤ ਕੀਤੀ ਜਾਵੇਗੀ।

73. ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਰਾਜ ਵਿਚ ਵਾਤਾਵਰਣ ਨਾਲ ਸਬੰਧਿਤ ਪ੍ਰਾਜੈਕਟਾਂ ਨੂੰ ਕਲੀਰੈਂਸ ਦੇਣ ਲਈ ਨਿਯੰਤਰਣ ਅਥਾਰਟੀ ਹੈ। ਉਨ੍ਹਾਂ ਵੱਲੋਂ ਪਾਰਦਰਸ਼ਤਾ ਲਿਆਉਣ ਅਤੇ ਕਾਰਜ ਵਿਧੀ ਨੂੰ ਸੁਖਾਲਾ ਬਣਾਉਣ ਲਈ ਸਹਿਮਤੀ ਪ੍ਰਬੰਧ ਅਤੇ ਨਿਰੀਖਣ ਪ੍ਰਣਾਲੀ ਨੂੰ ਆਨ ਲਾਈਨ ਕੀਤਾ ਗਿਆ ਹੈ। ਹੁਣ ਉੱਦਮੀ ਆਪਣਾ ਬਿਨੈ ਆਨ-ਲਾਈਨ ਦਾਖਲ ਕਰ ਸਕਦਾ ਹੈ, ਇਸ ਦੀ ਸਥਿਤੀ ਵੇਖ ਸਕਦਾ ਹੈ ਅਤੇ ਇਥੋਂ ਤੱਕ ਕਿ ਪ੍ਰਵਾਨਗੀ ਨੂੰ ਵੀ ਡਾਊਨਲੋਡ ਕਰ ਸਕਦਾ ਹੈ। ਬਾਇਓ ਮੈਡੀਕਲ ਨਾਲ ਸਬੰਧਿਤ ਰਹਿੰਦ-ਖੂੰਹਦ ਨੂੰ ਚੱਕਣ ਵਾਲੇ ਜੋਖਮ ਭਰਪੂਰ ਕਾਰਜ ਦਾ ਵੀ ਆਨ ਲਾਈਨ ਨਿਰੀਖਣ ਕੀਤਾ ਜਾਂਦਾ ਹੈ। ਇਸ ਸਾਲ ਪੀ.ਪੀ.ਸੀ.ਬੀ. ਵੱਲੋਂ ਪਾਣੀ, ਉਪ ਕਰ ਫ਼ੀਸਾਂ, ਸਹਿਮਤੀ ਫ਼ੀਸਾਂ, ਸੈਂਪਲਿੰਗ ਫ਼ੀਸਾਂ ਆਦਿ ਨੂੰ ਪ੍ਰਾਪਤ ਕਰਨ ਲਈ ਆਨ-ਲਾਈਨ ਪੇਮੈਂਟ ਪੋਰਟਲ ਸਥਾਪਿਤ ਕੀਤੀ ਜਾ ਰਹੀ ਹੈ।

## ਹਰਾ ਪੰਜਾਬ

74. ਮਾਣਯੋਗ ਮੁੱਖ ਮੰਤਰੀ ਜੀ ਦੀ ਯੋਗ ਅਗਵਾਈ ਹੇਠ ਸਾਲ 2012-13 ਵਿਚ ਹਰਾ ਪੰਜਾਬ ਮਿਸ਼ਨ ਦੀ ਸ਼ੁਰੂਆਤ ਕੀਤੀ ਗਈ ਸੀ। ਮਿਸ਼ਨ ਦਾ ਮੁੱਖ ਉਦੇਸ਼ ਮੌਜੂਦਾ ਸਟਾਕ ਵਿਚ ਸੁਧਾਰ ਕਰਨਾ ਅਤੇ ਸੰਸਥਾਵਾਂ ਦੀਆਂ ਜ਼ਮੀਨਾਂ ਅਤੇ ਨਦੀਆਂ, ਨਹਿਰਾਂ ਅਤੇ ਸੜਕਾਂ ਦੇ ਕਿਨਾਰੇ ਦਰੱਖਤ ਲਗਾ ਕੇ ਮੌਜੂਦਾ ਜੰਗਲਾਤ ਖੇਤਰ ਵਿਚ ਵਾਧਾ ਕਰਨਾ ਹੈ। ਇਸ ਮੰਤਵ ਲਈ 67 ਕਰੋੜ ਰੁਪਏ ਖਰਚ ਕੀਤੇ ਗਏ ਹਨ ਅਤੇ ਚਲੰਤ ਸਾਲ ਵਿਚ 132 ਲੱਖ ਪੌਦੇ ਲਗਾਏ ਹਨ। ਆਉਣ ਵਾਲੇ ਵਰ੍ਹਿਆਂ ਵਿੱਚ ਜਨਤਾ, ਉਦਯੋਗ, ਬੋਰਡਾਂ ਅਤੇ ਰਾਜ ਸਰਕਾਰ ਦੇ ਨਿਗਮਾਂ ਦੇ ਸਹਿਯੋਗ ਨਾਲ ਇਸ ਮਿਸ਼ਨ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਸ ਮਿਸ਼ਨ ਲਈ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਨਾਬਾਰਡ ਤੋਂ 3 ਸਾਲ ਲਈ 90 ਕਰੋੜ ਰੁਪਏ ਕਰਜ਼ ਲੈਣ ਲਈ ਸਮਝੌਤਾ ਹੋਇਆ ਹੈ।

## ਸਿੱਖਿਆ

75. ਸਾਡੀ ਸਰਕਾਰ ਲਈ ਸਿੱਖਿਆ ਇਕ ਅਹਿਮ ਖੇਤਰ ਰਿਹਾ ਹੈ। 2011-12 ਤੱਕ 54000 ਅਧਿਆਪਕ ਭਰਤੀ ਕੀਤੇ ਗਏ ਸਨ ਅਤੇ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਨੂੰ ਵੀ ਪ੍ਰਮੁੱਖ ਤਰਜੀਹ ਦਿੱਤੀ ਗਈ ਸੀ। ਸਰਕਾਰ ਦੇ ਇਨ੍ਹਾਂ ਯਤਨਾਂ ਦੇ ਨਤੀਜੇ ਸਾਹਮਣੇ ਆ ਰਹੇ ਹਨ। ਸਾਰੇ ਰਾਜਾਂ ਵਿਚੋਂ ਪੰਜਾਬ ਸਿੱਖਿਆ ਵਿਕਾਸ ਸੂਚੀ (ਈ.ਡੀ.ਆਈ) ਵਿਚ ਸਾਲ 2005-06 ਵਿਚ 13ਵੇਂ ਸਥਾਨ ਤੋਂ ਸਾਲ 2010-11 ਵਿਚ ਪਹਿਲੇ ਸਥਾਨ ਤੇ ਪਹੁੰਚ ਗਿਆ ਹੈ। (ਥੰਪਿੰਗ)

76. ਸਰਕਾਰ ਨੇ ਸਕੂਲ ਸਿੱਖਿਆ ਲਈ, ਕੇਂਦਰੀ ਸਰਕਾਰ ਦੇ 1100 ਕਰੋੜ ਰੁਪਏ ਦੇ ਹਿੱਸੇ ਤੋਂ ਇਲਾਵਾ, ਆਮ ਬਜਟ ਵਿਚ 12 ਫ਼ੀਸਦ (8541 ਕਰੋੜ ਰੁਪਏ) ਰਾਖਵੇਂ ਰੱਖੇ ਗਏ ਹਨ। ਸਰਕਾਰੀ ਸਕੂਲਾਂ ਵਿਚ 27.30 ਲੱਖ ਵਿਦਿਆਰਥੀ ਪੜ੍ਹ ਰਹੇ ਹਨ ਅਤੇ ਪ੍ਰਤੀ ਸਾਲ ਪ੍ਰਤੀ ਵਿਦਿਆਰਥੀ ਉਪਰ 31,286/- ਰੁਪਏ ਖਰਚਾ ਆ ਰਿਹਾ ਹੈ। 1275 ਕਰੋੜ ਰੁਪਏ ਦੀ ਪਲਾਨ ਵਿਚੋਂ, ਕੇਂਦਰੀ ਹਿੱਸੇ ਸਮੇਤ ਪ੍ਰਮੁੱਖ ਵੰਡ ਇਸ ਪ੍ਰਕਾਰ ਹੈ :

- 1241 ਕਰੋੜ ਰੁਪਏ - ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਲਈ।
- 269 ਕਰੋੜ ਰੁਪਏ - ਮਿਡ ਡੇ ਮੀਲ ਸਕੀਮ ਲਈ।
- 311 ਕਰੋੜ ਰੁਪਏ - 6ਵੀਂ ਜਮਾਤ ਤੋਂ 12ਵੀਂ ਜਮਾਤ ਤੱਕ ਕੰਪਿਊਟਰ ਸਿੱਖਿਆ ਦੇਣ ਲਈ ਆਈ.ਸੀ.ਟੀ. ਪ੍ਰੋਜੈਕਟ ਲਈ।
- 196 ਕਰੋੜ ਰੁਪਏ - ਰਾਸ਼ਟਰੀ ਮਾਧਿਆਮਿਕ ਸਿੱਖਿਆ ਅਭਿਆਨ (ਰਮਸਾ) ਲਈ।
- 47 ਕਰੋੜ ਰੁਪਏ - ਵਿਦਿਅਕ ਤੌਰ ਤੇ ਪੱਛੜੇ ਬਲਾਕਾਂ ਵਿਚ 21 ਮਾਡਲ ਸਕੂਲ ਅਤੇ 21 ਲੜਕੀਆਂ ਦੇ ਹੋਸਟਲਾਂ ਲਈ।
- 17 ਕਰੋੜ ਰੁਪਏ - ਐਜੂਸੈਟ ਪ੍ਰਾਜੈਕਟ ਲਈ।
- 30 ਕਰੋੜ ਰੁਪਏ - 11ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਮੁਫ਼ਤ ਟੈਬਲੇਟ ਦੇਣ ਲਈ।
- 20 ਕਰੋੜ ਰੁਪਏ - ਪ੍ਰਾਇਮਰੀ ਸਕੂਲਾਂ ਵਿਚ ਫਰਨੀਚਰ ਮੁਹੱਈਆ ਕਰਵਾਉਣ ਲਈ।

- 8 ਕਰੋੜ ਰੁਪਏ - ਗਰੀਬ ਹੋਣਹਾਰ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਦੇਣ ਲਈ।

77. ਸਰਵ ਭਾਰਤੀ ਪੱਧਰ ਤੇ 74.04 ਫ਼ੀਸਦ ਦੇ ਮੁਕਾਬਲੇ ਰਾਜ ਵਿਚ ਸਾਖ਼ਰਤਾ ਦਰ 76.68 ਫ਼ੀਸਦ ਹੈ। ਸਕੂਲ ਛੱਡਣ ਵਾਲਿਆਂ ਦੇ ਅੰਕੜੇ ਵਿਚ ਤੀਬਰ ਕਮੀ ਆਈ ਹੈ ਅਤੇ ਸਕੂਲਾਂ ਵਿਚ ਦਾਖਲੇ ਦੇ ਅਨੁਪਾਤ ਵਿਚ ਵਾਧਾ ਹੋਇਆ ਹੈ ਜੋ ਨਿਮਨ ਸਾਰਣੀ ਤੋਂ ਪ੍ਰਤੱਖ ਹੁੰਦਾ ਹੈ :-

| ਸੂਚਕ | ਪ੍ਰਾਇਮਰੀ (2006-2012) | ਐਲੀਮੈਂਟਰੀ (2006-2012) | ਸੈਕੰਡਰੀ (2006-2012) |
|---|---|---|---|
| ਸਕੂਲ ਛੱਡਣ ਦੀ ਦਰ | 8.50 ਤੋਂ 1.65 | 10.04 ਤੋਂ 0.82 | 10.60 ਤੋਂ 4.06 |
| ਨਿਰੋਲ ਦਾਖ਼ਲਾ ਅਨੁਪਾਤ | 66.53 ਤੋਂ 90.45 | 63.26 ਤੋਂ 86.18 | 39.14 ਤੋਂ 51.98 |
| ਕੁੱਲ ਦਾਖਲਾ ਅਨੁਪਾਤ | 87.62 ਤੋਂ 104.78 | 80.40 ਤੋਂ 104.78 | 63.17 ਤੋਂ 85.85 |

ਰਾਜ ਦਾ ਉਦੇਸ਼ 12ਵੀਂ ਯੋਜਨਾ ਦੇ ਅੰਤ ਤੱਕ 100 ਫ਼ੀਸਦ ਜੀ.ਈ.ਆਰ., 100 ਫ਼ੀਸਦ ਐਨ.ਈ.ਆਰ., ਸਕੂਲ ਛੱਡਣ ਦਰ ਜ਼ੀਰੋ ਫ਼ੀਸਦ ਤੱਕ ਲਿਆਉਣ ਅਤੇ 100 ਫ਼ੀਸਦ ਹਾਜ਼ਰੀ ਪ੍ਰਾਪਤ ਕਰਨ ਦਾ ਟੀਚਾ ਹੈ।

78. ਸਿੱਖਿਆ ਦਾ ਅਧਿਕਾਰ ਐਕਟ ਨੂੰ ਅਧਿਸੂਚਿਤ ਕੀਤਾ ਗਿਆ ਹੈ। ਪਰਿਵਾਰਾਂ ਦੇ ਕੀਤੇ ਸਰਵੇ ਅਨੁਸਾਰ 6-14 ਸਾਲ ਦੀ ਉਮਰ ਦੇ 18500 ਬੱਚੇ ਜੋ ਸਕੂਲ ਨਹੀਂ ਜਾ ਰਹੇ, ਦੀ ਸ਼ਨਾਖਤ ਕੀਤੀ ਗਈ ਹੈ। 9300 ਪ੍ਰਾਈਵੇਟ ਸਕੂਲਾਂ ਵਿਚੋਂ ਹੁਣ ਤੱਕ 7800 ਸਕੂਲਾਂ ਨੂੰ ਪਰਵਾਨਗੀ ਦਿੱਤੀ ਜਾ ਚੁੱਕੀ ਹੈ। ਗਰੀਬ ਤਬਕੇ ਨਾਲ ਸਬੰਧਿਤ 25 ਫ਼ੀਸਦ ਵਿਦਿਆਰਥੀਆਂ ਦੇ ਦਾਖਲੇ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

79. ਸਾਲ 2004-05 ਤੋਂ 1537 ਸੀਨੀਅਰ ਸੈਕੰਡਰੀ, 3325 ਸੈਕੰਡਰੀ ਅਤੇ 6252 ਅਪਰ ਪ੍ਰਾਇਮਰੀ ਸਕੂਲਾਂ ਵਿਚ 6ਵੀਂ ਤੋਂ 12 ਜਮਾਤ ਤੱਕ ਕੰਪਿਊਟਰ ਸਿੱਖਿਆ ਲਾਜ਼ਮੀ ਹੈ। ਹਰੇਕ ਸਕੂਲ ਵਿਚ ਘੱਟੋ-ਘੱਟ ਕੰਪਿਊਟਰ ਅਧਿਆਪਕ ਅਤੇ ਕੰਪਿਊਟਰ ਲਈ ਲੋੜੀਂਦਾ ਬੁਨਿਆਦੀ ਢਾਂਚਾ ਮੌਜੂਦ ਹੈ। ਸਾਲ 2012-13 ਵਿਚ ਆਈ.ਸੀ.ਟੀ. ਪ੍ਰਾਜੈਕਟ ਤੇ ਆਉਣ ਵਾਲਾ 247 ਕਰੋੜ ਰੁਪਏ ਦਾ ਉਪਬੰਧ ਵਧਾ ਕੇ ਸਾਲ 2013-14 ਵਿਚ 311 ਕਰੋੜ ਰੁਪਏ ਕਰ ਦਿੱਤਾ ਗਿਆ ਹੈ। 2006-07 ਤੋਂ ਰਾਜ ਵਿਚ ਸੈਟੇਲਾਈਟ ਆਧਾਰਿਤ ਕੰਪਿਊਟਰ ਸਿੱਖਿਆ ਪ੍ਰਣਾਲੀ (ਐਜੂਸੈਟ) ਸ਼ੁਰੂ ਕੀਤੀ ਗਈ ਹੈ। ਹੁਣ ਤੱਕ ਲਗਭਗ 3 ਲੱਖ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਣ ਲਈ 3823 ਵਰਚੂਅਲ ਕਲਾਸ ਰੂਮ, 1640 ਮਲਟੀ ਮੀਡੀਆ ਕੰਨਟੈਂਟ ਐਪੀਸੋਡ ਅਤੇ 2077 ਐਜੂਸੈਟ ਕੰਪਿਊਟਰ ਲੈਬ ਸਥਾਪਿਤ ਕੀਤੀਆਂ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਗਈਆਂ ਹਨ। ਐਜੂਸੈਟ ਅਧੀਨ, ਹੁਣ ਤੱਕ 89 ਕਰੋੜ ਰੁਪਏ ਖਰਚ ਹੋਇਆ ਹੈ।

80. ਰਾਜ ਦੇ 22035 ਸਰਕਾਰੀ ਐਲੀਮੈਂਟਰੀ ਸਕੂਲਾਂ ਵਿਚ 19 ਲੱਖ ਵਿਦਿਆਰਥੀਆਂ ਲਈ ਮਿਡ ਡੇ ਮੀਲ ਸਕੀਮ ਸਫਲਤਾਪੂਰਵਕ ਚੱਲ ਰਹੀ ਹੈ। ਮਿਡ ਡੇ ਮੀਲ ਸਕੀਮ ਤੇ ਸਾਲ 2012-13 ਵਿਚ 253 ਕਰੋੜ ਰੁਪਏ ਦਾ ਉਪਬੰਧ ਵਧਾ ਕੇ ਸਾਲ 2013-14 ਵਿਚ 269 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਰਾਜ ਦੇ ਹਰੇਕ ਸਕੂਲ ਵਿਚ ਫਰਨੀਚਰ, ਬਲੈਕ ਬੋਰਡ ਉਪਲਬਧ ਕਰਵਾਉਣਾ ਸਾਡਾ ਉਦੇਸ਼ ਹੈ ਅਤੇ ਇਸ ਮੰਤਵ ਲਈ 20 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

81. ਸਾਡੀ ਸਰਕਾਰ ਨੇ ਸਾਲ 2012-13 ਦੇ ਬਜਟ ਵਿਚ 110 ਕਰੋੜ ਰੁਪਏ ਦੀ ਲਾਗਤ ਨਾਲ 11ਵੀਂ ਜਮਾਤ ਵਿਚ ਪੜ੍ਹ ਰਹੇ 1.5 ਲੱਖ ਵਿਦਿਆਰਥੀਆਂ ਨੂੰ ਮੁਫ਼ਤ ਟੈਬਲੇਟ ਦੇਣ ਦਾ ਐਲਾਨ ਕੀਤਾ ਹੈ। (ਥੰਪਿੰਗ) ਇਸੇ ਦੌਰਾਨ ਭਾਰਤ ਸਰਕਾਰ ਵੱਲੋਂ ਆਕਾਸ਼ ਨਾਂ ਦੇ ਨਵੇਂ ਟੈਬਲੇਟ ਦਾ ਵਿਕਾਸ ਕੀਤਾ ਗਿਆ ਹੈ ਅਤੇ ਇਸ ਨੂੰ ਰਿਆਇਤੀ ਦਰਾਂ ਤੇ ਰਾਜ ਦੇ ਸਾਰੇ ਸਕੂਲਾਂ ਵਿਚ ਮੁਹੱਈਆ ਕਰਵਾਉਣ ਦੀ ਤਜਵੀਜ਼ ਹੈ। ਸਿੱਖਿਆ ਵਿਭਾਗ ਇਸ ਸਕੀਮ ਦੇ ਨੇਪਰੇ ਚੜ੍ਹਨ ਦੀ ਉਡੀਕ ਕਰ ਰਿਹਾ ਹੈ ਅਤੇ ਇਸ ਪ੍ਰਾਜੈਕਟ ਲਈ ਲਗਭਗ 30 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ।

82. ਰਾਜ ਸਰਕਾਰ ਨੇ ਵੱਖ-ਵੱਖ ਸਕੀਮਾਂ ਅਧੀਨ 42 ਆਦਰਸ਼ ਸਕੂਲਾਂ ਦੀ ਉਸਾਰੀ ਕੀਤੀ ਅਤੇ ਇਨ੍ਹਾਂ ਨੂੰ ਕਾਰਜਸ਼ੀਲ ਬਣਾਇਆ। 24 ਆਦਰਸ਼ ਸਕੂਲ ਪੀ.ਪੀ.ਪੀ. ਪ੍ਰਣਾਲੀ ਦੁਆਰਾ ਬਣਾਏ ਗਏ ਜਿਨ੍ਹਾਂ ਦੇ ਬੁਨਿਆਦੀ ਢਾਂਚੇ ਤੇ ਖਰਚ ਪੰਜਾਬ ਸਰਕਾਰ ਅਤੇ ਨਿੱਜੀ ਪ੍ਰਾਈਵੇਟ ਭਾਈਵਾਲਾਂ ਦੁਆਰਾ 50:50 ਅਨੁਪਾਤ ਨਾਲ ਕੀਤਾ ਗਿਆ ਹੈ ਅਤੇ ਆਵਰਤਕ ਖਰਚਿਆਂ ਨੂੰ 70:30 ਦੇ ਅਨੁਪਾਤ ਨਾਲ ਵੰਡਿਆ ਗਿਆ ਹੈ। ਇਨ੍ਹਾਂ ਸਕੂਲਾਂ ਵਿਚ ਵਿਦਿਆਰਥੀ ਮੁਫ਼ਤ ਵਿੱਦਿਆ ਪ੍ਰਾਪਤ ਕਰਦੇ ਹਨ। 11 ਸਕੂਲ, ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਬਾਕੀ 7 ਸਕੂਲ, ਰਮਸਾ ਵਲੋਂ ਸਥਾਪਿਤ ਕੀਤੇ ਗਏ ਹਨ। ਸਾਲ 2013-14 ਵਿਚ 5 ਕਰੋੜ ਰੁਪਏ ਦੀ ਲਾਗਤ ਨਾਲ ਤਲਵਾੜਾ ਵਿਖੇ ਇਕ ਨਵਾਂ ਆਦਰਸ਼ ਸਕੂਲ ਖੋਲ੍ਹਿਆ ਜਾਵੇਗਾ।

**ਮਾਡਲ ਸਕੂਲ**

83. ਰਾਜ ਸਰਕਾਰ ਜਨਤਕ ਨਿੱਜੀ ਭਾਈਵਾਲੀ ਦੁਆਰਾ 1000 ਮਾਡਲ ਸਕੂਲ ਸਥਾਪਿਤ ਕਰੇਗੀ। ਸਰਕਾਰ ਦਾ ਯੋਗਦਾਨ 5 ਏਕੜ ਭੂਮੀ ਦੇ ਰੂਪ ਵਿੱਚ ਹੋਵੇਗਾ ਜੋ ਕਿ ਪ੍ਰਾਈਵੇਟ ਵਿਕਾਸਕਾਰਾਂ ਨੂੰ 30 ਸਾਲ ਲਈ ਪੱਟੇ ਤੇ ਪੰਚਾਇਤਾਂ ਦੁਆਰਾ ਦਿੱਤੀ ਜਾਵੇਗੀ। ਵਿਕਾਸਕਾਰ ਸਕੂਲਾਂ ਦਾ ਨਿਰਮਾਣ, ਸੰਚਾਲਨ ਅਤੇ ਪ੍ਰਬੰਧ ਕਰਨਗੇ। ਪਾਰਦਰਸ਼ੀ ਤਰੀਕਿਆਂ ਰਾਹੀਂ ਪ੍ਰਾਈਵੇਟ ਪਾਰਟੀ ਵੱਲੋਂ ਜਿੰਨੇ ਬੱਚੇ ਮੁਫਤ ਪੜ੍ਹਾਏ ਜਾਣਗੇ, ਉਸ ਦੇ ਆਧਾਰ ਤੇ ਸਕੂਲ ਅਲਾਟ ਕੀਤੇ ਜਾਣਗੇ। ਪਾਰਟੀ ਲਈ ਇਹ ਜ਼ਰੂਰੀ ਹੋਵੇਗਾ ਕਿ ਜਿਸ ਪਿੰਡ ਨੇ ਜ਼ਮੀਨ ਦਿੱਤੀ ਹੈ, ਉਸ ਪਿੰਡ ਦੇ ਸਾਰੇ

ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇ ਜਾਂ ਗਰੀਬ ਪਰਿਵਾਰਾਂ ਦੇ 20 ਫ਼ੀਸਦ ਬੱਚਿਆਂ ਨੂੰ ਮੁਫ਼ਤ ਸਿੱਖਿਆ ਦਿੱਤੀ ਜਾਵੇ ਜਾਂ ਇਨ੍ਹਾਂ ਵਿਚੋਂ ਜਿਹੜੀ ਵੀ ਗਿਣਤੀ ਵਧੇਰੇ ਹੋਵੇ। ਉਨ੍ਹਾਂ ਨੂੰ ਬਾਕੀ ਰਹਿੰਦੇ ਵਿਦਿਆਰਥੀਆਂ ਤੋਂ ਬਾਜ਼ਾਰ ਵਿੱਚ ਚਲਦੇ ਦਰ ਅਨੁਸਾਰ ਫ਼ੀਸ ਵਸੂਲਣ ਦੀ ਇਜਾਜ਼ਤ ਹੋਵੇਗੀ।

## ਉੱਦਮੀ ਵਿਦਿਆਰਥੀਆਂ ਲਈ ਡਾਕਟਰ ਹਰਗੋਬਿੰਦ ਖੁਰਾਣਾ ਸਕਾਲਰਸ਼ਿਪ

84. ਰਾਜ ਸਰਕਾਰ ਹੋਣਹਾਰ ਗਰੀਬ ਬੱਚਿਆਂ ਨੂੰ ਵਿੱਤੀ ਸਹਾਇਤਾ ਦੇਣ ਦੀ ਇਕ ਨਵੀਂ ਸਕੀਮ ਸ਼ੁਰੂ ਕਰੇਗੀ। ਸਰਕਾਰੀ ਸਕੂਲਾਂ ਵਿਚ ਪੜ੍ਹਦੇ ਜਿਹੜੇ ਵਿਦਿਆਰਥੀ ਦਸਵੀਂ ਵਿਚੋਂ 80 ਫ਼ੀਸਦ ਜਾਂ ਇਸ ਤੋਂ ਜ਼ਿਆਦਾ ਨੰਬਰ ਲੈਂਦੇ ਹਨ, ਤਾਂ ਉਨ੍ਹਾਂ ਨੂੰ ਸੈਕੰਡਰੀ ਸਿੱਖਿਆ ਦੇ 2 ਸਾਲਾਂ ਲਈ 30,000 ਰੁਪਏ ਸਲਾਨਾ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਸਾਲ 2013-14 ਲਈ 8 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ। (ਥੰਪਿੰਗ)

## ਉਚੇਰੀ ਸਿੱਖਿਆ

85. ਸਾਲ 2013-14 ਵਿਚ ਉਚੇਰੀ ਸਿੱਖਿਆ ਲਈ 152 ਕਰੋੜ ਰੁਪਏ ਨਿਰਧਾਰਿਤ ਕੀਤੇ ਗਏ ਹਨ। ਮੁੱਖ ਸਕੀਮਾਂ ਹਨ :-

- 50 ਕਰੋੜ ਰੁਪਏ - ਸਰਕਾਰੀ ਕਾਲਜਾਂ ਦੇ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਲਈ।
- 41 ਕਰੋੜ ਰੁਪਏ - ਰਾਜ ਵਿਚ (ਜਿੱਥੇ ਜੀ.ਈ.ਆਰ. ਘੱਟ ਹੈ) ਨਵੇਂ ਪੋਸਟ ਗਰੈਜੂਏਟ ਡਿਗਰੀ ਕਾਲਜ ਸਥਾਪਿਤ ਕਰਨ ਲਈ।
- 28 ਕਰੋੜ ਰੁਪਏ - ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਦੀ ਸਥਾਪਨਾ ਲਈ।
- 22 ਕਰੋੜ ਰੁਪਏ - ਰਾਜ ਵਿਚ ਨਵੇਂ ਸਰਕਾਰੀ ਕਾਲਜ ਸਥਾਪਿਤ ਕਰਨ ਲਈ।

86. ਸਾਲ 2011 ਵਿੱਚ ਯੂ.ਜੀ.ਸੀ.ਵਲੋਂ ਕਰਵਾਏ ਸਰਵੇ ਅਨੁਸਾਰ ਉਚੇਰੀ ਸਿੱਖਿਆ ਵਿਚ ਕੁੱਲ ਦਾਖਲਾ ਅਨੁਪਾਤ 11.12 ਫ਼ੀਸਦ ਹੈ। ਸਾਲ 2011-12 ਤੋਂ 13 ਡਿਗਰੀ ਕਾਲਜ ਜਿਨ੍ਹਾਂ ਜ਼ਿਲ੍ਹਿਆਂ ਵਿਚ ਕੁੱਲ ਦਾਖਲਾ ਅਨੁਪਾਤ ਘੱਟ ਹੈ, ਕਾਰਜਸ਼ੀਲ ਹਨ। ਉਚੇਰੀ ਸਿੱਖਿਆ ਵਿਚ ਨਿੱਜੀ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਵਲੋਂ ਪੰਜਾਬ ਪ੍ਰਾਈਵੇਟ ਯੂਨੀਵਰਸਿਟੀ ਪਾਲਿਸੀ, 2010 ਅਧਿਸੂਚਿਤ ਕੀਤੀ ਹੈ ਤਾਂ ਜੋ ਸਵੈ ਵਿੱਤ ਨਿੱਜੀ ਯੂਨੀਵਰਸਿਟੀਆਂ ਸਥਾਪਿਤ ਹੋ ਸਕਣ। ਇਸ ਨੀਤੀ ਅਧੀਨ 7 ਨਿੱਜੀ ਯੂਨੀਵਰਸਿਟੀਆਂ ਨੂੰ ਪ੍ਰਵਾਨਗੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ।

87. ਰਾਜ ਸਰਕਾਰ ਤਿੰਨ ਅਕਾਦਮੀਆਂ ਅਰਥਾਤ ਪੰਜਾਬ ਸੰਗੀਤ ਨਾਟਕ ਅਕਾਦਮੀ,

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਪੰਜਾਬ ਸਾਹਿਤ ਅਕਾਦਮੀ ਅਤੇ ਪੰਜਾਬ ਲਲਿਤ ਕਲਾ ਅਕਾਦਮੀ ਨੂੰ ਵਾਜਬ ਸਹਾਇਤਾ ਦੇ ਰਹੀ ਹੈ ਅਤੇ ਇਹ ਜਾਰੀ ਰਹੇਗੀ। ਸਾਡੀ ਸਰਕਾਰ ਨੇ ਸਰਕਾਰੀ ਦਫ਼ਤਰਾਂ ਵਿਚ ਪੰਜਾਬੀ ਦੀ ਜ਼ਰੂਰੀ ਵਰਤੋਂ ਲਈ ਇੱਕ ਕਾਨੂੰਨੀ ਐਕਟ ਬਣਇਆ ਹੈ। ਪੰਜਾਬੀ ਭਾਸ਼ਾ ਅਤੇ ਸਾਹਿਤਕ ਗਤੀਵਿਧੀਆਂ ਦੇ ਵਿਕਾਸ ਲਈ ਸਾਲ 2013-14 ਵਿਚ 3 ਕਰੋੜ ਰੁਪਏ ਦੀ ਰਾਸ਼ੀ ਨਿਰਧਾਰਤ ਕੀਤੀ ਗਈ ਹੈ।

## ਤਕਨੀਕੀ ਸਿੱਖਿਆ

88. ਸਾਲ 2013-14 ਵਿਚ ਇਸ ਸੈਕਟਰ ਲਈ 200 ਕਰੋੜ ਰੁਪਏ ਦੀ ਰਾਸ਼ੀ ਰੱਖੀ ਹੈ। ਮੁੱਖ ਸਕੀਮਾਂ ਹਨ:-

- 50 ਕਰੋੜ ਰੁਪਏ- ਤਕਨੀਕੀ ਸਿੱਖਿਆ ਗੁਣਵੱਤਾ ਸੁਧਾਰ ਪ੍ਰੋਗਰਾਮ ਲਈ।
- 9 ਕਰੋੜ ਰੁਪਏ- ਪੇਂਡੂ ਖੇਤਰਾਂ ਵਿਚ ਤਕਨੀਕੀ ਸੰਸਥਾਵਾਂ ਦਾ ਦਰਜਾ ਵਧਾਉਣ ਲਈ।
- 20 ਕਰੋੜ ਰੁਪਏ - ਸਰਕਾਰੀ ਆਈ.ਟੀ.ਆਈਜ਼ ਦੇ ਬੁਨਿਆਦੀ ਢਾਂਚੇ ਦਾ ਦਰਜਾ ਵਧਾਉਣ ਲਈ।
- 28 ਕਰੋੜ ਰੁਪਏ - ਸਰਵੋਤਮ ਕੇਂਦਰਾਂ ਵਿੱਚ ਉਦਯੋਗਿਕ ਸਿਖਲਾਈ ਸੰਸਥਾਵਾਂ ਦੀ ਬਿਹਤਰੀ ਲਈ।
- 13 ਕਰੋੜ ਰੁਪਏ - ਪੀ.ਪੀ.ਪੀ. ਵਿਧੀ ਰਾਹੀਂ ਇੰਡੀਅਨ ਇੰਸਟੀਚਿਊਟ ਆਫ਼ ਸੂਚਨਾ ਤਕਨਾਲੋਜੀ ਸਥਾਪਿਤ ਕਰਨ ਲਈ।

89. ਰਾਜ ਸਰਕਾਰ 6 ਇੰਜੀਨੀਅਰਿੰਗ ਕਾਲਜ, 25 ਪਾਲੀਟੈਕਨਿਕ ਅਤੇ 111 ਆਈ.ਟੀ.ਆਈਜ਼ ਚਲਾ ਰਹੀ ਹੈ। 128 ਕਰੋੜ ਦੀ ਲਾਗਤ ਨਾਲ 35 ਆਈ.ਟੀ.ਆਈਜ਼ ਦਾ ਸਰਵੋਤਮ ਕੇਂਦਰਾਂ ਵਜੋਂ ਦਰਜਾ ਵਧਾਉਣ ਲਈ ਕਾਰਜ ਪ੍ਰਗਤੀ ਅਧੀਨ ਹੈ ਅਤੇ ਜੋ 2 ਸਾਲਾਂ ਵਿਚ ਮੁਕੰਮਲ ਕਰ ਲਿਆ ਜਾਵੇਗਾ। ਪੀ.ਪੀ.ਪੀ. ਪ੍ਰਣਾਲੀ ਅਧੀਨ 76 ਆਈ.ਟੀ.ਆਈਜ਼ ਦਾ 2.50 ਕਰੋੜ ਰੁਪਏ ਪ੍ਰਤੀ ਆਈ.ਟੀ.ਆਈਜ਼ ਦੀ ਲਾਗਤ ਨਾਲ ਦਰਜਾ ਵਧਾਇਆ ਜਾ ਰਿਹਾ ਹੈ। ਇਨ੍ਹਾਂ ਵਿਚ 8400 ਸੀਟਾਂ ਤੱਕ ਦੀ ਸਮਰੱਥਾ ਵਧਾਈ ਜਾਵੇਗੀ।

90. ਰਾਸ਼ਟਰੀ ਹੁਨਰ ਵਿਕਾਸ ਮਿਸ਼ਨ ਅਧੀਨ ਹੁਣ ਤੱਕ 246 ਸਰਕਾਰੀ ਅਤੇ ਨਿੱਜੀ ਆਈ.ਟੀ.ਆਈਜ਼. ਮੁੱਖੀ ਸਿਖਲਾਈ ਮੁਹੱਈਆ ਕਰਨ ਵਾਲਿਆਂ ਵਜੋਂ ਰਜਿਸਟਰਡ ਕੀਤਾ ਜਾ ਚੁੱਕਾ ਹੈ। ਇਹ ਸਾਰੀਆਂ ਆਈ.ਟੀ.ਆਈਜ਼ ਦੋ ਸ਼ਿਫਟਾਂ ਵਿਚ ਕਾਰਜ ਕਰ ਰਹੀਆਂ ਹਨ। ਰਾਜ ਅੰਦਰ ਨਿੱਜੀ ਭਾਈਵਾਲੀ ਨਾਲ 2500 ਕਿੱਤਾ-ਮੁੱਖੀ ਵਿਕਾਸ ਕੇਂਦਰ ਸਥਾਪਿਤ ਕਰਨ ਦੀ ਤਜਵੀਜ਼ ਹੈ, ਹਰੇਕ ਕੇਂਦਰ ਅਧੀਨ 4-5 ਪਿੰਡ ਹੋਣਗੇ। ਪਹਿਲੇ ਪੜਾਅ ਤੇ 250 ਕੁਸ਼ਲਤਾ ਵਿਕਾਸ ਕੇਂਦਰ ਸਥਾਪਿਤ ਕਰਨ

ਦੀ ਤਜਵੀਜ਼ ਹੈ। ਜਿਨ੍ਹਾਂ ਲਈ ਸਥਾਨਾਂ ਦੀ ਚੋਣ ਕਰ ਲਈ ਗਈ ਹੈ। ਪਹਿਲੀ ਤਰਜੀਹ 43 ਗੈਰ-ਪ੍ਰਤੀਨਿੱਧਤਵ ਵਾਲੇ ਬਲਾਕ ਸ਼ਾਮਲ ਕੀਤੇ ਜਾਣਗੇ। 27 ਸਥਾਨ ਵਿਭਾਗ ਨੂੰ ਤਬਦੀਲ ਕੀਤੇ ਜਾ ਚੁੱਕੇ ਹਨ। ਸਾਲ 2013-14 ਦੇ ਕੇਂਦਰੀ ਬਜਟ ਵਿਚ ਕਿੱਤਾ ਮੁੱਖੀ ਸਿੱਖਿਆ ਪ੍ਰਾਪਤ ਕਰਨ ਵਾਲੇ ਸਿਖਿਆਰਥੀਆਂ ਨੂੰ 10,000/- ਰੁਪਏ ਵਜ਼ੀਫ਼ਾ ਦੇਣ ਦਾ ਐਲਾਨ ਦਾ ਅਸੀਂ ਸੁਆਗਤ ਕਰਦੇ ਹਾਂ।

91. ਭਾਰਤ ਸਰਕਾਰ ਦੀ ਸਹਾਇਤਾ ਨਾਲ ਲਾਲੜੂ, ਮੁਹਾਲੀ ਵਿਖੇ ਸਿਖਿਆਰਥੀਆਂ ਲਈ ਇੰਸਟੀਚਿਊਟ ਆਫ਼ ਟਰੇਨਿੰਗ ਦੀ ਸਥਾਪਨਾ ਕੀਤੀ ਜਾ ਰਹੀ ਹੈ। ਅੰਮ੍ਰਿਤਸਰ, ਲੁਧਿਆਣਾ, ਬਠਿੰਡਾ ਅਤੇ ਹੁਸ਼ਿਆਰਪੁਰ ਵਿਖੇ 240 ਕਰੋੜ ਰੁਪਏ ਦੀ ਲਾਗਤ ਨਾਲ 4 ਬਹੁ-ਕੁਸ਼ਲਤਾ ਵਿਕਾਸ ਕੇਂਦਰਾਂ ਦੀ ਸਥਾਪਨਾ ਕਰਨ ਦੀ ਤਜਵੀਜ਼ ਹੈ। ਇਸ ਲਈ 60 ਫ਼ੀਸਦ ਦੀ ਸਹਾਇਤਾ ਲਈ ਭਾਰਤ ਸਰਕਾਰ ਨਾਲ ਸੰਪਰਕ ਕੀਤਾ ਗਿਆ ਹੈ। ਪੋਲੀਟੈਕਨਿਕ ਸਕੀਮਾਂ (ਸੀ.ਡੀ.ਪੀ.ਐਸ.) ਰਾਹੀਂ ਕਮਿਊਨਿਟੀ ਵਿਕਾਸ ਅਧੀਨ ਅਨੁਸੂਚਿਤ ਜਾਤੀਆਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਰੁਜ਼ਗਾਰ ਯੋਗਤਾ ਵਿਚ ਵਾਧਾ ਕਰਨ ਲਈ ਉਨ੍ਹਾਂ ਨੂੰ ਪੇਸ਼ੇਵਰ ਸਿਖਲਾਈ ਦਿੱਤੀ ਜਾਣੀ ਜਾਰੀ ਰਹੇਗੀ।

## ਰੁਜ਼ਗਾਰ ਸਿਰਜਣ

92. ਸਾਲ 2013-14 ਵਿਚ 28 ਕਰੋੜ ਰੁਪਏ ਦੇ ਰਾਖਵੇਂ ਖ਼ਰਚੇ ਨਿਮਨ ਅਨੁਸਾਰ ਹਨ:-

- 10 ਕਰੋੜ ਰੁਪਏ - ਅਜੀਤਗੜ੍ਹ ਵਿਖੇ ਮਹਾਰਾਜਾ ਰਣਜੀਤ ਸਿੰਘ ਹਥਿਆਰਬੰਦ ਸੇਵਾਵਾਂ ਦੀ ਤਿਆਰੀ ਲਈ ਸੰਸਥਾ।
- 9 ਕਰੋੜ ਰੁਪਏ - ਪੰਜਾਬ ਦੇ ਨੌਜਵਾਨਾਂ ਦੀ ਸਿਖਲਾਈ ਅਤੇ ਰੁਜ਼ਗਾਰ ਕੇਂਦਰਾਂ ਲਈ (ਸੀ-ਪਾਇਟ)।
- 5 ਕਰੋੜ ਰੁਪਏ - ਰੁਪਨਗਰ ਵਿਖੇ ਮੈਰੀਨ (ਜਲ ਸੈਨਾ) ਅਕਾਦਮੀ ਦੀ ਸਥਾਪਨਾ ਲਈ।
- 3.30 ਕਰੋੜ ਰੁਪਏ - ਕੁਸ਼ਲਤਾ ਵਿਕਾਸ ਅਤੇ ਸਿਖਲਾਈ ਲਈ।

93. ਹੁਸ਼ਿਆਰਪੁਰ ਵਿਖੇ ਹਰ ਸਾਲ 2500 ਨੌਜਵਾਨਾਂ ਨੂੰ ਸਿਖਲਾਈ ਦੇਣ ਲਈ ਸੁਰੱਖਿਆ ਗਾਰਡਾਂ ਦੇ ਇੱਕ ਸਿਖਲਾਈ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ ਤਾਂ ਜੋ ਉਨ੍ਹਾਂ ਨੂੰ ਨਿੱਜੀ ਸੁਰੱਖਿਆ ਗਾਰਡ ਦੀ ਨੌਕਰੀ ਮਿਲ ਸਕੇ। ਨੌਜਵਾਨਾਂ ਨੂੰ ਮਿਲਟਰੀ ਅਤੇ ਪੈਰਾ ਮਿਲਟਰੀ ਬਲਾਂ ਵਿਚ ਨੌਕਰੀ ਲਈ ਸਿਖਲਾਈ ਦੇਣ ਹਿਤ ਪੰਜਾਬ ਦੇ ਨੌਜਵਾਨਾਂ ਦੀ ਸਿਖਲਾਈ ਅਤੇ ਰੁਜ਼ਗਾਰ (ਸੀ.ਪੀ.ਵਾਈ.ਟੀ.ਈ.) ਲਈ 16 ਕੇਂਦਰ ਕਾਰਜਸ਼ੀਲ ਹਨ, ਜਿਨ੍ਹਾਂ ਵਿਚ ਹਰ ਸਾਲ 10,000 ਨੌਜਵਾਨਾਂ ਦਾ ਦਾਖਲਾ ਕੀਤਾ ਜਾਂਦਾ ਹੈ। ਸਾਲ 2012-13 ਦੌਰਾਨ ਇਨ੍ਹਾਂ ਸੀ.ਪਾਇਟ ਕੇਂਦਰਾਂ ਵਿਚ 8933 ਨੌਜਵਾਨਾਂ ਨੂੰ ਹੁਣ ਤੱਕ ਸਿਖਲਾਈ ਦਿੱਤੀ ਜਾ ਚੁੱਕੀ ਹੈ।

94. ਪ੍ਰਮੁੱਖ ਕਾਰਪੋਰੇਟ ਅਦਾਰਿਆਂ ਦੇ ਸਹਿਯੋਗ ਨਾਲ ਮੁਕਤਸਰ ਵਿਖੇ ਸਕਿਲ ਡਿਵੈਲਪਮੈਂਟ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਸੈਂਟਰ (ਐਲ.ਐਂਡ.ਟੀ.) ਅਤੇ ਡਰਾਈਵਿੰਗ ਐਂਡ ਆਟੋਮੋਟਿਵ ਸਕਿਲ ਸੈਂਟਰ (ਟਾਟਾ ਮੋਟਰਜ਼) ਅਤੇ ਅੰਮ੍ਰਿਤਸਰ ਵਿਖੇ ਟਰੇਨਿੰਗ ਸੈਂਟਰ ਐਂਡ ਰੀਟੇਲ ਮਾਰਕਿਟਿੰਗ (ਭਾਰਤੀ-ਵਾਲ ਮਾਰਟ ਲਿਮਿ.) ਦੀ ਸਥਾਪਨਾ ਕੀਤੀ ਗਈ ਹੈ। ਇਸ ਯੋਜਨਾ ਅਧੀਨ ਰਾਜ ਦੇ ਰਹਿੰਦੇ 7 ਜ਼ਿਲ੍ਹਿਆਂ ਵਿਚ ਸਵੈ-ਰੁਜ਼ਗਾਰ ਅਤੇ ਕਿੱਤਾ ਮੁੱਖੀ ਮਾਰਗ ਦਰਸ਼ਨ ਕੇਂਦਰਾਂ ਦੀ ਸਥਾਪਨਾ ਕਰਨ ਦੇ ਨਾਲ-ਨਾਲ ਮੌਜੂਦਾ ਕਿੱਤਾ ਮੁੱਖੀ ਮਾਰਗ ਦਰਸ਼ਨ ਕੇਂਦਰਾਂ ਦਾ ਮਜ਼ਬੂਤੀਕਰਨ ਕੀਤਾ ਜਾਵੇਗਾ।

95. ਪੰਜਾਬ ਦੇ ਨੌਜਵਾਨਾਂ ਵਿਚ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸ ਸਰਵਿਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਅਜੀਤਗੜ੍ਹ ਬੇਹੱਦ ਹਰਮਨ ਪਿਆਰਾ ਹੈ। ਹਰ ਸਾਲ ਇਹ ਸੰਸਥਾ +1 ਅਤੇ +2 ਦੇ 46 ਵਿਦਿਆਰਥੀਆਂ ਨੂੰ ਸੁਰੱਖਿਆ ਬਲਾਂ ਵਿੱਚ ਅਧਿਕਾਰੀ ਪੱਧਰ ਦੀਆਂ ਵੱਖ-ਵੱਖ ਨੌਕਰੀਆਂ ਲਈ ਸਿਖਲਾਈ ਦਿੰਦੀ ਅਤੇ ਤਿਆਰ ਕਰਦੀ ਹੈ। ਮੈਨੂੰ ਇਹ ਦੱਸਣ ਵਿਚ ਖੁਸ਼ੀ ਹੋ ਰਹੀ ਹੈ ਕਿ ਇਸ ਸਾਲ 8 ਵਿਦਿਆਰਥੀ ਐਨ.ਡੀ.ਏ. ਲਈ ਚੁਣੇ ਗਏ ਹਨ। (ਥੰਪਿਗ)

96. ਰੂਪਨਗਰ ਵਿਖੇ 10 ਕਰੋੜ ਰੁਪਏ ਦੀ ਲਾਗਤ ਨਾਲ ਇਕ ਮੈਰੀਨ ਅਕਾਦਮੀ ਦੀ ਸਥਾਪਨਾ ਕੀਤੀ ਜਾਵੇਗੀ ਜੋ ਵਿਗਿਆਨ ਪਿਛੋਕੜ ਵਾਲੇ 600 ਵਿਦਿਆਰਥੀਆਂ ਨੂੰ ਨੇਵੀ (ਜਲ ਸੈਨਾ) ਦੀਆਂ ਵੱਖ-ਵੱਖ ਖੇਤਰਾਂ ਲਈ ਤਿਆਰ ਕਰੇਗੀ। 2013-14 ਲਈ ਇਸ ਅਕਾਦਮੀ ਲਈ 5 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ।

97. ਉਹ ਵਿਦਿਆਰਥੀ ਜੋ ਉਚ ਸਿੱਖਿਆ ਪ੍ਰਾਪਤ ਕਰ ਰਹੇ ਹਨ ਅਤੇ ਜੋ ਵੋਕੇਸ਼ਨਲ/ਤਕਨੀਕੀ ਕੋਰਸ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ 1000/-ਰੁਪਏ ਪ੍ਰਤੀ ਮਹੀਨਾ ਰੁਜ਼ਗਾਰ ਭੱਤਾ ਦਿੱਤਾ ਜਾਵੇਗਾ। ਇਸ ਸਬੰਧੀ ਦਿਸ਼ਾ ਨਿਰਦੇਸ਼ਾਂ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ ਅਤੇ ਸਾਲ 2013-14 ਲਈ ਯੋਗ ਪਾਤਰਾਂ ਤੋਂ ਬਿਨੈ-ਪੱਤਰ ਮੰਗੇ ਗਏ ਹਨ। ਇਸ ਮੰਤਵ ਲਈ 1 ਕਰੋੜ ਰੁਪਏ ਦੀ ਰਾਸ਼ੀ ਮੁਹੱਈਆ ਕਰਵਾਈ ਗਈ ਹੈ।

## ਖੇਡਾਂ ਅਤੇ ਯੁਵਾ ਸੇਵਾਵਾਂ

98. ਸਾਲ 2013-14 ਲਈ ਵਿਭਾਗ ਦੀ ਐਲੋਕੇਸ਼ਨ 91 ਕਰੋੜ ਰੁਪਏ ਹੈ। ਮਹੱਤਵਪੂਰਨ ਸਕੀਮਾਂ ਹੇਠ ਲਿਖੇ ਅਨੁਸਾਰ ਹਨ:-

- 40 ਕਰੋੜ ਰੁਪਏ - ਅੰਤਰਰਾਸ਼ਟਰੀ ਖੇਡਾਂ ਲਈ ਖਿਡਾਰੀਆਂ ਨੂੰ ਸਰਵੋਤਮ ਸੈਂਟਰਾਂ ਵਿਚ ਕੋਚਿੰਗ ਦੇਣ ਲਈ।
- 27 ਕਰੋੜ ਰੁਪਏ - ਜਲੰਧਰ ਵਿਖੇ ਖੇਡ ਬੁਨਿਆਦੀ ਢਾਂਚਾ ਸੁਵਿਧਾਵਾਂ ਲਈ।
- 13 ਕਰੋੜ ਰੁਪਏ - 1233 ਪਿੰਡਾਂ ਵਿਚ ਖੇਡ ਮੈਦਾਨ ਸੁਵਿਧਾਵਾਂ ਵਿਕਸਤ ਕਰਨ ਹਿਤ ਪੰਚਾਇਤ ਯੁਵਾ ਕ੍ਰੀੜਾ ਔਰ ਖੇਲ ਅਭਿਆਨ ਸਕੀਮ ਲਈ।

- 5 ਕਰੋੜ ਰੁਪਏ – ਜ਼ਿਲ੍ਹਾ ਸਦਰ ਮੁਕਾਮਾਂ ਵਿਖੇ ਖੇਡਾਂ ਦੇ ਵਿਕਾਸ ਅਤੇ ਸਿੰਥੈਟਿਕ ਹਾਕੀ ਸਤਹ ਵਿਛਾਉਣ ਲਈ ਸਪੋਰਟਸ ਕੌਂਸਲ ਨੂੰ ਸਹਾਇਤਾ ਗ੍ਰਾਂਟ ਲਈ।
- 6 ਕਰੋੜ ਰੁਪਏ – ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਯਾਦ ਵਿਚ ਜਿਮਨੇਜਿਅਮ ਸਾਜੋ-ਸਾਮਾਨ ਲਈ।
- 4 ਕਰੋੜ ਰੁਪਏ – ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦੀ ਯਾਦ ਵਿਚ ਖੇਡ ਸਾਜ਼ੋ-ਸਾਮਾਨ ਲਈ।
- 7 ਕਰੋੜ ਰੁਪਏ – ਖੇਡ ਸਟੇਡੀਅਮਾਂ ਦੇ ਨਵੀਨੀਕਰਨ ਅਤੇ ਖੇਡ ਸਮੱਗਰੀ ਦੀ ਖਰੀਦ ਲਈ ਸਹਾਇਤਾ ਗ੍ਰਾਂਟ ਵਜੋਂ।
- 1.75 ਕਰੋੜ ਰੁਪਏ – 11 ਖੇਤਰਾਂ ਦੇ ਖਿਡਾਰੀਆਂ ਦੇ ਵਜ਼ੀਫਿਆਂ ਲਈ।

99. ਸਾਲਾਨਾ ਪਲਾਨ 2013-14 ਅੰਤਰਰਾਸ਼ਟਰੀ ਮਿਆਰ ਦੀਆਂ ਖੇਡਾਂ ਲਈ ਬੁਨਿਆਦੀ ਢਾਂਚਾ ਸੁਵਿਧਾਵਾਂ ਦੀ ਸਿਰਜਨਾ ਤੇ ਕੇਂਦਰਿਤ ਹੈ। 127 ਕਰੋੜ ਰੁਪਏ ਦੀ ਲਾਗਤ ਨਾਲ 6 ਹਾਕੀ ਸਟੇਡੀਅਮ ਅਤੇ 8 ਬਹੁ-ਮੰਤਵੀ ਸਟੇਡੀਅਮ ਮੁਕੰਮਲ ਹੋਣ ਦੇ ਨੇੜੇ ਹਨ। ਪਿੰਡ ਬਾਦਲ ਅਤੇ ਜਲਾਲਾਬਾਦ ਵਿਖੇ ਨਵੇਂ ਖੇਡ ਸਟੇਡੀਅਮ ਉਸਾਰੀ ਅਧੀਨ ਹਨ।

100. ਪੰਜਾਬ ਸਰਕਾਰ ਨੇ ਖਿਡਾਰੀਆਂ ਨੂੰ ਸੁਵਿਧਾਵਾਂ ਪ੍ਰਦਾਨ ਕਰਨ ਲਈ ਨਵੀਂ ਖੇਡ ਨੀਤੀ-2010 ਅਧਿਸੂਚਿਤ ਕੀਤੀ ਹੈ। ਖੇਡ ਵਿਭਾਗ 13 ਖੇਤਰਾਂ ਦੇ ਖਿਡਾਰੀਆਂ ਦੀ ਸਾਲਾਨਾ ਦਰਜਾਬੰਦੀ ਕਰਦਾ ਹੈ। 11 ਤਰਜੀਹੀ ਖੇਤਰਾਂ ਵਿਚ 16 ਸਾਲ ਤੋਂ ਘੱਟ ਉਮਰ ਦੇ 1100 ਖਿਡਾਰੀ 500/-ਰੁਪਏ ਪ੍ਰਤੀ ਮਹੀਨਾ ਵਜ਼ੀਫ਼ਾ ਅਤੇ 16 ਸਾਲ ਤੋਂ ਵੱਧ ਉਮਰ ਦੇ 1100 ਖਿਡਾਰੀ 1000/- ਰੁਪਏ ਪ੍ਰਤੀ ਮਹੀਨਾ ਵਜ਼ੀਫਾ ਪ੍ਰਾਪਤ ਕਰ ਰਹੇ ਹਨ। ਸਾਲ 2013-14 ਵਿਚ ਇਸ ਮੰਤਵ ਲਈ 1.75 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ।

101. ਦਸੰਬਰ, 2012 ਵਿਚ ਤੀਜੇ ਵਰਲਡ ਕੱਪ ਕਬੱਡੀ ਦਾ ਸਫਲਤਾ ਪੂਰਵਕ ਆਯੋਜਨ ਕੀਤਾ ਗਿਆ, ਜਿਸ ਵਿਚ 15 ਪੁਰਸ਼ ਟੀਮਾਂ ਅਤੇ 7 ਇਸਤਰੀ ਟੀਮਾਂ ਨੇ ਭਾਗ ਲਿਆ। ਸਾਲ 2013-14 ਦੌਰਾਨ ਪੰਜਾਬ ਸਰਕਾਰ ਤਰਜੀਹੀ ਖੇਡ ਖੇਤਰਾਂ ਵਿੱਚ ਪੁਰਸ਼ਾਂ ਅਤੇ ਇਸਤਰੀਆਂ ਲਈ 'ਸ਼ਹੀਦ-ਏ-ਆਜ਼ਮ ਭਗਤ ਸਿੰਘ ਪੰਜਾਬ ਗੇਮਜ਼' ਦਾ ਆਯੋਜਨ ਕਰਨ ਦੀ ਯੋਜਨਾ ਬਣਾ ਰਹੀ ਹੈ।

## ਸ਼ਹੀਦ ਬਾਬਾ ਦੀਪ ਸਿੰਘ ਸੈਂਟਰ ਆਫ਼ ਐਕਸੀਲੈਂਸ ਇਨ ਸਪੋਰਟਸ

102. ਰਾਜ ਸਰਕਾਰ ਵੱਲੋਂ 10 ਮਹੱਤਵਪੂਰਨ ਖੇਡਾਂ ਨੂੰ ਪ੍ਰੋਤਸ਼ਾਹਿਤ ਕਰਨ ਲਈ ਸ਼ਹੀਦ ਬਾਬਾ ਦੀਪ ਸਿੰਘ ਸੈਂਟਰ ਆਫ਼ ਐਕਸੀਲੈਂਸ ਇਨ ਸਪੋਰਟਸ ਮੁਹਾਲੀ ਵਿਖੇ ਸਥਾਪਿਤ ਕੀਤਾ ਜਾਵੇਗਾ (ਥੰਪਿੰਗ) ਅਤੇ ਇਸ ਦੇ 4 ਖੇਤਰੀ ਕੈਂਪਸ ਬਠਿੰਡਾ,

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਜਲੰਧਰ, ਲੁਧਿਆਣਾ ਅਤੇ ਅੰਮ੍ਰਿਤਸਰ ਵਿਖੇ ਸਥਾਪਿਤ ਕੀਤੇ ਜਾਣਗੇ। ਇਨ੍ਹਾਂ ਕੇਂਦਰਾਂ ਵਿਚ 2000 ਮੁੰਡਿਆਂ ਅਤੇ ਕੁੜੀਆਂ ਨੂੰ ਭਵਿੱਖੀ ਸੰਭਾਵਿਤ ਤਮਗਾ ਜੇਤੂਆਂ ਦੇ ਤੌਰ ਤੇ ਸਿਖਲਾਈ ਦਿੱਤੀ ਜਾਵੇਗੀ। ਪੇਸ਼ੇਵਰਾਨਾ ਅਤੇ ਵਿਗਿਆਨਕ ਲੀਹਾਂ ਤੇ ਗੁਣਵੱਤਾ ਭਰਪੂਰ ਸਿਖਲਾਈ ਦੇਣ ਲਈ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਕੋਚ ਰੱਖੇ ਜਾਣਗੇ। ਆਧੁਨਿਕ ਖੇਡ ਸਮੱਗਰੀ ਨਾਲ ਲੈਸ ਉੱਚ ਕੋਟੀ ਦੇ ਸਟੇਡੀਅਮ ਮੁਹੱਈਆ ਕਰਵਾਏ ਜਾਣਗੇ। ਇਨ੍ਹਾਂ ਚੁਣੇ ਗਏ ਸਾਰੇ ਖਿਡਾਰੀਆਂ ਦਾ ਪ੍ਰਬੰਧ ਹੋਸਟਲਾਂ ਵਿਚ ਹੋਵੇਗਾ ਅਤੇ ਉਨ੍ਹਾਂ ਨੂੰ ਖਾਣ-ਪੀਣ, ਰਿਹਾਇਸ਼ੀ, ਸਿਖਲਾਈ, ਸਿੱਖਿਆ, ਟਰਾਂਸਪੋਰਟ ਵਰਗੀਆਂ ਸਮੂਹ ਸੁਵਿਧਾਵਾਂ ਸਰਕਾਰੀ ਖਰਚੇ ਤੇ ਦਿੱਤੀਆਂ ਜਾਣਗੀਆਂ। ਇਨ੍ਹਾਂ ਕੇਂਦਰਾਂ ਦੀ ਪੂੰਜੀਗਤ ਲਾਗਤ 100 ਕਰੋੜ ਰੁਪਏ ਹੋਵੇਗੀ ਅਤੇ ਅਵਰਤਕ ਖਰਚਾ ਲਗਭਗ 50 ਕਰੋੜ ਰੁਪਏ ਸਾਲਾਨਾ ਹੋਵੇਗਾ।ਸਾਲ 2013-14 ਲਈ 100 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ ਜਿਸ ਵਿਚੋਂ 40 ਕਰੋੜ ਰੁਪਏ ਬਜਟ ਵਿਚੋਂ ਅਤੇ ਬਕਾਇਆ 60 ਕਰੋੜ ਰੁਪਏ ਸਪੋਰਟਸ ਫ਼ੰਡ ਵਿਚੋਂ ਲਏ ਜਾਣਗੇ। (ਥੰਪਿੰਗ) ਇਸ ਤੋਂ ਇਲਾਵਾ, ਰਾਜ ਦੇ ਨੌਜਵਾਨਾਂ ਨੂੰ ਮਲਟੀ ਜਿਮ ਅਤੇ ਸਪੋਰਟਸ ਕਿਟਸ ਵੀ ਮੁਹੱਈਆ ਕਰਵਾਈਆਂ ਜਾਣਗੀਆਂ।

## ਕਿਰਤ

103. ਰਾਜ ਸਰਕਾਰ ਉਸਾਰੀ ਕਾਮਿਆਂ ਲਈ ਮੌਤ ਹੋਣ ਤੇ 1 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਗ੍ਰਾਂਟ ਸਮੇਤ ਉਨ੍ਹਾਂ ਦੇ ਬੱਚਿਆਂ ਨੂੰ ਵਜ਼ੀਫਾ, ਮੁਫਤ ਡਾਕਟਰੀ ਸਹਾਇਤਾ, ਧੀਆਂ ਦੇ ਵਿਆਹ ਲਈ ਵਿਆਜ ਮੁਕਤ ਕਰਜ਼ਾ, ਮਕਾਨ ਖਰੀਦਣ ਲਈ ਵਿਆਜ ਮੁਕਤ ਕਰਜ਼ਾ ਆਦਿ ਭਲਾਈ ਸਕੀਮਾਂ ਪਹਿਲਾਂ ਤੋਂ ਹੀ ਅਮਲ ਵਿਚ ਲਿਆ ਰਹੀ ਹੈ। ਸਾਲ 2013-14 ਵਿਚ ਰਾਜ ਸਰਕਾਰ ਕਿਰਤ ਭਲਾਈ ਲਈ 100 ਕਰੋੜ ਰੁਪਏ ਦੀ ਲਾਗਤ ਨਾਲ ਹੇਠ ਲਿਖੀਆਂ ਨਵੀਆਂ ਸਕੀਮਾਂ ਲਾਗੂ ਕਰੇਗੀ:- (ਥੰਪਿੰਗ)

- ਸਮੂਹ ਵਰਗ ਦੇ ਕਸਬਿਆਂ ਅਤੇ ਕਾਰਪੋਰੇਸ਼ਨਾਂ ਵਿੱਚ ਕਿਰਤ ਸ਼ੈਡਾਂ ਦੀ ਉਸਾਰੀ ਕੀਤੀ ਜਾਵੇਗੀ।
- ਕਿਰਤੀਆਂ ਵਾਸਤੇ ਰਾਤ ਨੂੰ ਠਹਿਰਣ ਲਈ ਵਰਗ ਦੇ ਕਸਬਿਆਂ ਅਤੇ ਕਾਰਪੋਰੇਸ਼ਨਾਂ ਵਿਚ ਰੈਣ ਬਸੇਰਿਆਂ/ਨਾਈਟ ਸ਼ੈਲਟਰਾਂ ਦੀ ਉਸਾਰੀ ਕੀਤੀ ਜਾਵੇਗੀ।
- ਬੱਚਿਆਂ ਲਈ ਕਿੱਤਾ-ਮੁਖੀ ਸਿੱਖਿਆ।
- ਨੌਵੀਂ ਜਮਾਤ ਤੋਂ ਵਿਦਿਆਰਥੀਆਂ ਨੂੰ ਮੁਫ਼ਤ ਸਾਈਕਲਾਂ। (ਥੰਪਿੰਗ)

## ਸਿਹਤ

104. ਰਾਜ ਸਰਕਾਰ ਦਾ ਧਿਆਨ ਸਿਹਤ ਸੰਸਥਾਵਾਂ ਵਿਚ ਇਮਾਰਤਾਂ ਦੇ ਬੁਨਿਆਦੀ

ਢਾਂਚੇ, ਸਾਜ਼ੋ-ਸਾਮਾਨ ਅਤੇ ਮਨੁੱਖੀ ਸ੍ਰੋਤਾਂ ਦੇ ਮਜ਼ਬੂਤੀਕਰਣ ਤੇ ਕੇਂਦਰਿਤ ਹੈ। ਇਹ ਮੁਹਿੰਮ ਚਲੰਤ ਸਾਲ ਵਿਚ ਜਾਰੀ ਰਹੇਗੀ। ਸਾਲ 2013-14 ਦੇ ਬਜਟ ਵਿੱਚ 3443 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ। (ਥੰਪਿੰਗ) ਸਿਹਤ ਯੋਜਨਾ ਅਧੀਨ 1068 ਕਰੋੜ ਰੁਪਏ ਦੀਆਂ ਪ੍ਰਮੁੱਖ ਵੰਡ ਹੇਠ ਅਨੁਸਾਰ ਹੈ:-

- 150 ਕਰੋੜ ਰੁਪਏ - ਕੌਮੀ ਪੇਂਡੂ ਸਿਹਤ ਮਿਸ਼ਨ।
- 20 ਕਰੋੜ ਰੁਪਏ - ਗਰੀਬ ਲੋਕਾਂ ਦਾ ਮੈਡੀਕਲ ਬੀਮਾ।
- 30 ਕਰੋੜ ਰੁਪਏ - ਐਮਰਜੰਸੀ ਐਂਬੂਲੈਂਸ ਸੇਵਾਵਾਂ - 108 ਲਈ।
- 60 ਕਰੋੜ ਰੁਪਏ - ਸ਼ਹਿਰੀ ਸਿਹਤ ਬੁਨਿਆਦੀ ਢਾਂਚੇ ਦੇ ਮਜ਼ਬੂਤੀਕਰਨ ਲਈ।
- 40 ਕਰੋੜ ਰੁਪਏ - ਮੁੱਖ ਮੰਤਰੀ ਕੈਂਸਰ ਰਾਹਤ ਫੰਡ ਲਈ।
- 22 ਕਰੋੜ ਰੁਪਏ - ਮਾਤਾ ਕੁਸ਼ਲਿਆ ਸਕੀਮ ਅਧੀਨ ਸਰਕਾਰੀ ਹਸਪਤਾਲਾਂ ਵਿੱਚ ਜਣੇਪੇ ਲਈ ਆਈਆਂ ਸਮੂਹ ਇਸਤਰੀਆਂ ਨੂੰ ਪ੍ਰੋਤਸਾਹਨ ਵਜੋਂ 1000/- ਰੁਪਏ ਨਕਦ ਦੇਣਾ।

105. ਰਾਜ ਨੇ ਮਹੱਤਵਪੂਰਨ ਸਿਹਤ ਸੂਚਕਾਂ ਦੇ ਸਬੰਧ ਵਿਚ ਇਕ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਦਰਜ ਕੀਤੀ ਹੈ। ਬਾਲ ਮੌਤ ਦਰ ਜੋ ਸਾਲ 2006 ਵਿਚ 44 ਸੀ, 14 ਪੁਆਇੰਟ ਘੱਟ ਕੇ ਸਾਲ 2011 ਵਿਚ 30 ਹੋ ਗਈ ਹੈ। ਲਗਾਤਾਰ ਪਿਛਲੇ ਦੋ ਸਾਲਾਂ ਵਿੱਚ ਇਹ 4 ਪੁਆਇੰਟ ਹੇਠਾਂ ਆਇਆ ਹੈ ਅਤੇ ਪੰਜਾਬ ਦੇਸ਼ ਉਨ੍ਹਾਂ ਕੇਵਲ ਚਾਰ ਰਾਜਾਂ ਵਿਚ ਹੈ ਜਿਨ੍ਹਾਂ ਵਿਚ ਮੌਤ ਦਰ ਵਿਚ ਕਮੀ ਦੀ ਇਹ ਉੱਚ ਦਰ ਪ੍ਰਾਪਤ ਕੀਤੀ ਹੈ। ਇਸ ਪ੍ਰਭਾਵਸ਼ਾਲੀ ਪ੍ਰਗਤੀ ਲਈ ਰਾਜ ਨੂੰ ਭਾਰਤ ਸਰਕਾਰ ਵਲੋਂ 107 ਕਰੋੜ ਰੁਪਏ ਦੀ ਪ੍ਰੋਤਸਾਹਨ ਰਾਸ਼ੀ ਨਾਲ ਸਨਮਾਨਿਆ ਗਿਆ ਹੈ। ਜੱਚਾ ਮੌਤ ਦਰ (ਐਮ.ਐਮ.ਆਰ.) ਜੋ ਸਾਲ 2004-06 ਵਿਚ 192 ਸੀ, ਸਾਲ 2007-09 ਵਿੱਚ ਘੱਟ ਕੇ 172 ਤੇ ਆ ਗਈ ਹੈ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਬਾਲ ਲਿੰਗ ਅਨੁਪਾਤ ਵਿੱਚ ਵੀ ਸਾਲ 2001 ਵਿਚ 798 ਦੇ ਮੁਕਾਬਲੇ ਸਾਲ 2011 ਵਿੱਚ 846 ਦਾ ਸੁਧਾਰ ਆਇਆ ਹੈ।

106. ਰਾਜ ਵਿਚ ਐਨ.ਆਰ.ਐਚ.ਐਮ. ਪ੍ਰੋਗਰਾਮ ਨੂੰ ਸਫ਼ਲਤਾਪੂਰਵਕ ਲਾਗੂ ਕੀਤਾ ਗਿਆ ਹੈ। ਸਾਲ 2012-13 ਦੌਰਾਨ 424 ਕਰੋੜ ਰੁਪਏ ਦੀ ਸਮੁੱਚੀ ਲਾਗਤ ਦੀ ਵਰਤੋਂ ਹੋਵੇਗੀ। ਜੱਚਾ ਅਤੇ ਬੱਚਾ ਦੀ ਸਿਹਤ ਸੰਭਾਲ ਪ੍ਰਮੁੱਖ ਖੇਤਰ ਹੈ। ਸਰਕਾਰੀ ਹਸਪਤਾਲਾਂ ਵਿਚ ਜਣੇਪੇ ਨੂੰ ਹਰ ਲਿਹਾਜ਼ ਨਾਲ ਮੁਫ਼ਤ ਕਰ ਦਿੱਤਾ ਗਿਆ ਹੈ ਜਿਵੇਂ ਕਿ ਮੁਫ਼ਤ ਟ੍ਰਾਂਸਪੋਰਟ, ਮੁਫ਼ਤ ਦਵਾਈਆਂ ਅਤੇ ਮੁਫ਼ਤ ਇਲਾਜ। ਮਾਤਾ ਕੁਸ਼ੱਲਿਆ ਸਕੀਮ ਅਧੀਨ ਸਰਕਾਰੀ ਹਸਪਤਾਲਾਂ ਵਿਚ ਜਣੇਪਾ ਕਰਵਾਉਣ ਵਾਲੀਆਂ ਸਾਰੀਆਂ ਔਰਤਾਂ ਨੂੰ 1000/- ਰੁਪਏ ਨਕਦ ਪ੍ਰੋਤਸਾਹਨ ਵਜੋਂ ਦਿੱਤੇ ਜਾਣਗੇ। ਰਾਜ ਸਰਕਾਰ ਨੇ ਨਵੇਂ ਜੰਮੇ ਬੀਮਾਰ ਬੱਚਿਆਂ ਦੀ ਸੰਭਾਲ ਲਈ 5 ਬਾਲ ਦੇਖਭਾਲ ਕੇਂਦਰ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਜਿਨ੍ਹਾਂ ਵਿਚੋਂ ਤਿੰਨ ਸਰਕਾਰੀ ਮੈਡੀਕਲ ਕਾਲਜਾਂ ਵਿਚ ਇਕ-ਇਕ, ਜੱਚਾ-ਬੱਚਾ ਹਸਪਤਾਲ ਬਠਿੰਡਾ ਵਿਚ ਇਕ ਅਤੇ ਮਾਤਾ ਕੁਸ਼ੱਲਿਆ ਹਸਪਤਾਲ, ਪਟਿਆਲਾ ਵਿਖੇ ਇਕ, ਦੀ ਸਥਾਪਨਾ ਕੀਤੀ ਗਈ ਹੈ। ਅਜਿਹੇ 10 ਹੋਰ ਕੇਂਦਰ ਛੇਤੀ ਹੀ ਕਾਰਜਸ਼ੀਲ ਹੋ ਜਾਣਗੇ। ਪੰਜਾਬ ਦੇ ਦੂਰ-ਦੁਰਾਡੇ ਖੇਤਰਾਂ ਵਿਚ ਨਵੇਂ ਜੰਮੇ ਬਾਲਾਂ ਦੇ ਇਲਾਜ ਲਈ ਜ਼ਿਲ੍ਹਾ, ਉਪ-ਮੰਡਲ ਅਤੇ ਬਾਲ ਸਿਹਤ ਕੇਂਦਰ ਪੱਧਰ ਦੇ ਹਸਪਤਾਲਾਂ ਵਿਚ 50 ਨਵੇਂ ਜੰਮੇ ਬਾਲ ਸਟੈਬੀਲਾਈਜ਼ੇਸ਼ਨ ਸੈਂਟਰ ਛੇਤੀ ਹੀ ਕਾਰਜਸ਼ੀਲ ਹੋ ਜਾਣਗੇ।

107. ਰਾਜ ਸਰਕਾਰ ਆਪਣੀ ਜਨਤਾ ਨੂੰ ਲੋੜੀਂਦੀਆਂ ਸਿਹਤ ਸੰਭਾਲ ਸੁਵਿਧਾਵਾਂ ਪ੍ਰਦਾਨ ਕਰਨ ਪ੍ਰਤੀ ਵਚਨਬੱਧ ਹੈ। ਹਸਪਤਾਲ ਵਿਚ ਆਊਟਡੋਰ ਅਤੇ ਇਨਡੋਰ ਮਰੀਜ਼ਾਂ ਲਈ ਸਾਰੀਆਂ ਜ਼ਰੂਰੀ ਦਵਾਈਆਂ ਮੁਫ਼ਤ ਉਪਲਬਧ ਕਰਵਾਈਆਂ ਜਾਣਗੀਆਂ। 5.23 ਲੱਖ ਬੀ.ਪੀ.ਐਲ ਪਰਿਵਾਰਾਂ ਵਿਚੋਂ 2.20 ਲੱਖ ਪਰਿਵਾਰਾਂ ਦਾ ਰਾਸ਼ਟਰੀਯ ਸਵਾਸਥਯ ਬੀਮਾ ਯੋਜਨਾ (ਆਰ.ਐਸ.ਬੀ.ਵਾਈ) ਤਹਿਤ 30,000 ਪ੍ਰਤੀ ਸਾਲ ਦਾ ਸਿਹਤ ਬੀਮਾ ਕੀਤਾ ਗਿਆ ਹੈ। ਤਿਆਰ-ਬਰ-ਤਿਆਰ 240 ਐਂਬੂਲੈਂਸ (108-ਐਂਬੂਲੈਂਸ ਸੇਵਾਵਾਂ) ਨਾਲ ਬਣੀ ਐਮਰਜੰਸੀ ਮੈਡੀਕਲ ਪ੍ਰਣਾਲੀ ਹਰ ਰੋਜ਼ 800 ਐਮਰਜੰਸੀ ਕੇਸਾਂ ਦੀ ਲੋੜ ਪੂਰਤੀ ਕਰ ਰਹੀ ਹੈ। ਸਕੂਲ ਸਿਹਤ ਪ੍ਰੋਗਰਾਮ ਅਧੀਨ 26 ਲੱਖ ਵਿਦਿਆਰਥੀਆਂ ਦੀ ਸਾਲ ਵਿਚ ਦੋ ਵਾਰ ਸਿਹਤ ਜਾਂਚ ਕੀਤੀ ਜਾਂਦੀ ਹੈ ਅਤੇ ਜਮਾਂਦਰੂ ਹਿਰਦੇ ਰੋਗ, ਕੈਂਸਰ ਅਤੇ ਥੈਲੇਸੀਮੀਆ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ।

108. ਭਾਰਤ ਸਰਕਾਰ ਨੇ ਆਪਣੀ ਚੌਥੀ ਆਮ ਸਮੀਖਿਆ ਮਿਸ਼ਨ ਰਿਪੋਰਟ ਵਿਚ ਸਿਹਤ ਬੁਨਿਆਦੀ ਢਾਂਚੇ ਨੂੰ ਉੱਤਮ ਦੱਸਿਆ ਹੈ ਅਤੇ ਰਾਜ ਨੂੰ ਪਹਿਲੇ ਸਥਾਨ ਤੇ ਰੱਖਿਆ ਹੈ। (ਥੰਪਿੰਗ) ਮੈਡੀਕਲ ਅਫ਼ਸਰਾਂ ਦੀ ਤੈਨਾਤੀ ਨੂੰ ਤਰਕਸ਼ੀਲ ਬਣਾਉਣ ਲਈ ਇਕ ਪਲੇਸਮੈਂਟ ਨੀਤੀ ਨੂੰ ਪ੍ਰਭਾਵੀ ਬਣਾਇਆ ਗਿਆ ਹੈ। ਹਰ ਮਹੀਨੇ ਹੋਣ ਵਾਲੀਆਂ ਵਾਕ-ਇਨ-ਇੰਟਰਵਿਊਜ਼ ਰਾਹੀਂ ਮੈਡੀਕਲ ਮਾਹਿਰਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ। ਪਿਛਲੇ ਸਾਲ ਰਾਜ ਵਿਚ 180 ਮੈਡੀਕਲ ਅਫ਼ਸਰਾਂ (ਵਿਸ਼ੇਸ਼ੱਗਯ), 108 ਮੈਡੀਕਲ ਅਫ਼ਸਰਾਂ (ਡੈਂਟਲ) ਅਤੇ 388 ਮੈਡੀਕਲ ਅਫ਼ਸਰਾਂ ਦੀ ਨਿਯੁਕਤੀ ਕੀਤੀ ਗਈ ਸੀ। ਹਾਲਾਂਕਿ ਸਾਲ 2011 ਦੀ ਮਰਦਮਸ਼ੁਮਾਰੀ ਦੇ ਸੋਧੇ ਅਨੁਮਾਨਾਂ ਅਨੁਸਾਰ 513 ਨਵੇਂ ਉਪ-ਕੇਂਦਰ ਸਥਾਪਿਤ ਕਰਨ ਦੀ ਲੋੜ ਹੈ। ਰਾਜ ਸਰਕਾਰ ਨੇ ਇਸ ਸਬੰਧ ਵਿਚ ਭਾਰਤ ਸਰਕਾਰ ਨਾਲ ਸੰਪਰਕ ਕੀਤਾ ਹੈ ਅਤੇ ਸਿਹਤ ਸੰਸਥਾਵਾਂ ਦਾ ਨਵੀਨੀਕਰਣ ਭਾਰਤੀ ਜਨ ਸਿਹਤ ਮਾਪਦੰਡਾਂ ਅਨੁਸਾਰ ਕਰਨ ਦੀ ਮੰਗ ਕੀਤੀ ਹੈ।

*11.33 ਵਜੇ ਪੂਰਵ ਦੁਪਹਿਰ (ਇਸ *ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

## ਕੈਂਸਰ ਅਤੇ ਨਸ਼ਾ ਮੁਕਤੀ

109. ਕੈਂਸਰ ਪੰਜਾਬ ਵਿਚ ਇਕ ਅਤਿ ਗੰਭੀਰ ਸਮੱਸਿਆ ਹੈ ਜਿਸ ਕਾਰਨ ਸਿਹਤ ਵਿਭਾਗ ਦੁਆਰਾ ਹਾਲ ਹੀ ਵਿਚ ਕੀਤੇ ਗਏ ਇਕ ਸਰਵੇਖਣ ਅਨੁਸਾਰ ਪਿਛਲੇ ਪੰਜ ਸਾਲਾਂ ਦੌਰਾਨ 34430 ਮੌਤਾਂ ਹੋਈਆਂ ਹਨ। ਨਸ਼ਿਆਂ ਦੀ ਆਦਤ ਇਕ ਹੋਰ ਗੰਭੀਰ ਸਮੱਸਿਆ ਹੈ ਜੋ ਸਾਡੇ ਲੋਕਾਂ ਵਿਸ਼ੇਸ਼ ਤੌਰ ਤੇ ਨੌਜਵਾਨਾਂ ਦੀ ਜੀਵਨ ਸ਼ਕਤੀ ਨੂੰ ਖੋਰਾ ਲਾ ਰਹੀ ਹੈ। ਸਰਕਾਰ ਕੈਂਸਰ ਦੇ ਇਲਾਜ ਅਤੇ ਨਸ਼ਾ ਮੁਕਤੀ ਲਈ ਸਾਲ ਦੌਰਾਨ ਹੇਠ ਲਿਖੇ ਕਦਮ ਚੁੱਕੇਗੀ:-

- ਅੰਮ੍ਰਿਤਸਰ, ਪਟਿਆਲਾ ਅਤੇ ਫਰੀਦਕੋਟ ਵਿਖੇ 3 ਸਰਕਾਰੀ ਮੈਡੀਕਲ ਕਾਲਜਾਂ ਅਤੇ ਸੰਗਰੂਰ ਅਤੇ ਬਠਿੰਡਾ ਦੇ 2 ਜ਼ਿਲ੍ਹਾ ਸਦਰ ਮੁਕਾਮਾਂ ਵਿਖੇ 300 ਕਰੋੜ ਰੁਪਏ ਦੀ ਲਾਗਤ ਨਾਲ ਅਤਿ ਆਧੁਨਿਕ ਕੈਂਸਰ ਇਲਾਜ ਸੁਵਿਧਾਵਾਂ ਦੀ ਸਥਾਪਨਾ ਕੀਤੀ ਜਾਵੇਗੀ। (ਥੰਪਿੰਗ) ਇਨ੍ਹਾਂ ਕੇਂਦਰਾਂ ਵਿਚ ਆਧੁਨਿਕ ਸਾਜੋ-ਸਮਾਨ ਅਤੇ ਇਲਾਜ ਸੁਵਿਧਾਵਾਂ ਹੋਣਗੀਆਂ।

- ਰਾਜ ਸਰਕਾਰ ਅੰਮ੍ਰਿਤਸਰ, ਪਟਿਆਲਾ, ਫਰੀਦਕੋਟ, ਬਠਿੰਡਾ ਅਤੇ ਜਲੰਧਰ ਦੇ ਮੈਡੀਕਲ ਕਾਲਜਾਂ ਵਿਚ ਤੀਜੇ ਦਰਜੇ ਦੇ 5 ਰਾਜ ਪੱਧਰੀ ਨਸ਼ਾ ਮੁਕਤੀ ਕੇਂਦਰਾਂ ਦੀ ਸਥਾਪਨਾ ਕਰੇਗੀ। ਅੰਮ੍ਰਿਤਸਰ ਵਿਖੇ ਰਾਜ ਪੱਧਰ ਦਾ ਨਸ਼ਾ ਮੁਕਤੀ ਕੇਂਦਰ ਪਹਿਲਾਂ ਤੋਂ ਹੀ ਕਾਰਜਸ਼ੀਲ ਹੈ। ਜ਼ਿਲ੍ਹਾ ਅਤੇ ਉਪ ਮੰਡਲ ਪੱਧਰ ਤੇ 31 ਹੋਰ ਨਸ਼ਾ ਮੁਕਤੀ ਕੇਂਦਰਾਂ ਦੀ ਸਥਾਪਨਾ ਕੀਤੀ ਜਾਵੇਗੀ, ਜਿਨ੍ਹਾਂ ਵਿਚੋਂ 10 ਪਹਿਲਾਂ ਤੋਂ ਹੀ ਕਾਰਜਸ਼ੀਲ ਹਨ। ਸਰਕਾਰ ਨੇ ਪਹਿਲਾਂ ਹੀ ਡਾਕਟਰਾਂ ਅਤੇ ਪੈਰਾਮੈਡਿਕਸ ਸਟਾਫ਼ ਦੀਆਂ ਲੋੜੀਂਦੀਆਂ ਅਸਾਮੀਆਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਜਿਨ੍ਹਾਂ ਤੇ ਛੇਤੀ ਹੀ ਨਿਯੁਕਤੀਆਂ ਕਰਕੇ ਕੇਂਦਰਾਂ ਨੂੰ ਮੁਕੰਮਲ ਤੌਰ ਤੇ ਕਾਰਜਸ਼ੀਲ ਕਰ ਦਿੱਤਾ ਜਾਵੇਗਾ।

- ਰਾਜ ਸਰਕਾਰ ਸਤਿਕਾਰਯੋਗ ਮੈਂਬਰਾਂ ਸਾਹਮਣੇ ਪੰਜਾਬ ਸਟੇਟ ਐਂਡ ਡਰੱਗ ਐਡਿਕਸ਼ਨ ਟ੍ਰੀਟਮੈਂਟ ਇਨਫਰਾਸਟਰਕਚਰ ਐਕਟ ਪੇਸ਼ ਕਰ ਰਹੀ ਹੈ। ਸੰਪਤੀਆਂ ਦੀ ਵਿਕਰੀ/ਅਲਾਟਮੈਂਟ ਉੱਤੇ, ਸਰਕਾਰ ਅਤੇ ਇਸ ਦੀਆਂ ਏਜੰਸੀਆਂ ਵੱਲੋਂ ਸ਼ੁਰੂ ਕੀਤੇ ਜਾਣ ਵਾਲੇ ਕਾਰਜਾਂ ਉੱਤੇ ਮਹਿਸੂਲ ਲਗਾ ਕੇ ਅਤੇ ਤੰਬਾਕੂ ਉਤਪਾਦਾਂ ਉੱਤੇ ਵੈਟ ਵਿਚ ਵਾਧਾ ਕਰਕੇ ਹਰ ਸਾਲ 300 ਕਰੋੜ ਰੁਪਏ ਦੀ ਰਕਮ ਜੁਟਾਈ ਜਾਵੇਗੀ।(ਥੰਪਿੰਗ)

## ਗਰੀਬਾਂ ਲਈ ਭਗਤ ਪੂਰਨ ਸਿੰਘ ਸਿਹਤ ਬੀਮਾ ਅਤੇ ਮੁਫਤ ਦੁਆਈ ਸਕੀਮ

110. ਅਧਿਐਨਾਂ ਤੋਂ ਇਹ ਸਾਹਮਣੇ ਆਇਆ ਹੈ ਕਿ ਸਾਡੇ ਸਮਾਜ ਵਿਚ ਗਰੀਬੀ, ਕਰਜਊਪੁਣੇ ਅਤੇ ਆਰਥਿਕ ਤੌਰ ਤੇ ਨਿਗੂਣੇ ਵਰਗਾਂ ਤੋਂ ਵਾਂਝੇ ਆਦਿ ਅਣਪਛਾਤੇ ਸਿਹਤ ਕਰਜ਼ਿਆਂ ਦੇ ਮੁੱਖ ਕਾਰਨ ਹਨ। ਸਰਕਾਰ ਇਸ ਕਾਰਜ ਪ੍ਰਤੀ ਚੇਤੰਨ ਅਤੇ ਸੁਹਿਰਦ ਹੈ ਅਤੇ ਇਸ ਲਈ ਇਸ ਦੀਆਂ ਸਾਰੀਆਂ ਆਬਾਦੀਆਂ ਨੂੰ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਯੂਨੀਵਰਸਲ ਸਿਹਤ ਕਵਰੇਜ਼ ਅਧੀਨ ਲਿਆਉਣ ਦੀ ਜ਼ਿੰਮੇਵਾਰੀ ਲੈਂਦੀ ਹੈ। 1.5 ਲੱਖ ਰੁਪਏ ਡਾਕਟਰੀ ਕਵਰ ਮੁਹੱਈਆ ਕਰਵਾਉਣ ਵਾਲੀ ਭਾਈ ਕਨ੍ਹਈਆ ਬੀਮਾ ਸਕੀਮ ਹੁਣ ਤੱਕ ਕੇਵਲ ਸਹਿਕਾਰੀ ਸੋਸਾਇਟੀਆਂ ਦੇ ਮੈਂਬਰਾਂ ਤੱਕ ਹੀ ਸੀਮਿਤ ਹੈ। ਹੁਣ ਇਸ ਨੂੰ ਰਾਜ ਦੇ ਹਰੇਕ ਨਾਗਰਿਕ ਲਈ ਖੋਲ੍ਹ ਦਿੱਤਾ ਜਾਵੇਗਾ।(ਥੰਪਿੰਗ) ਇਸ ਨਾਲ ਮੈਂਬਰਾਂ ਦੁਆਰਾ ਅਦਾ ਕੀਤੇ ਜਾਣ ਵਾਲੇ ਪ੍ਰੀਮੀਅਮ ਵਿਚ ਕਮੀ ਆਏਗੀ। ਆਰ.ਐਸ.ਬੀ.ਵਾਈ. ਅਧੀਨ 15.4 ਲੱਖ ਆਟਾ ਦਾਲ ਪਰਿਵਾਰਾਂ ਵਿਚੋਂ ਕੇਵਲ 5.23 ਲੱਖ ਬੀ.ਪੀ.ਐਲ. ਪਰਿਵਾਰ 30,000/-ਰੁਪਏ ਦਾ ਮੈਡੀਕਲ ਕਵਰ ਪ੍ਰਾਪਤ ਕਰਦੇ ਹਨ। ਰਾਜ ਸਰਕਾਰ ਰਾਸ਼ਟਰੀਯ ਸਵਸਥ ਬੀਮਾ ਯੋਜਨਾ ਦੀ ਤਰਜ ਤੇ ਬਾਕੀ ਰਹਿੰਦੇ 10 ਲੱਖ ਪਰਿਵਾਰਾਂ ਲਈ 30,000/-ਰੁਪਏ ਦਾ ਮੈਡੀਕਲ ਕਵਰ ਮੁਹੱਈਆ ਕਰਵਾਉਣ ਲਈ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸ਼ੁਰੂ ਕਰੇਗੀ। (ਥੰਪਿੰਗ) ਰਾਜ ਸਰਕਾਰ ਵਲੋਂ 400/-ਰੁਪਏ ਪ੍ਰਤੀ ਪਰਿਵਾਰ ਦੀ ਦਰ ਨਾਲ ਸਮੁੱਚੇ 10 ਲੱਖ ਪਰਿਵਾਰਾਂ ਦੇ ਪ੍ਰੀਮੀਅਮ ਲਈ ਪੂਰੀ ਰਕਮ ਅਦਾ ਕੀਤੀ ਜਾਵੇਗੀ।(ਥੰਪਿੰਗ) ਰਾਜ ਮੈਡੀਕਲ ਬੀਮਾ ਯੋਜਨਾ ਅਤੇ ਕੇਂਦਰੀ ਸਹਾਇਤਾ ਪ੍ਰਾਪਤ ਰਾਸ਼ਟਰੀਯ ਬੀਮਾ ਯੋਜਨਾ ਸੰਯੁਕਤ ਰੂਪ ਵਿਚ 15.40 ਲੱਖ ਆਟਾ ਦਾਲ ਪਰਿਵਾਰਾਂ ਨੂੰ ਕਵਰ ਕਰੇਗੀ। ਸਾਲ 2013-14 ਵਿਚ 20 ਕਰੋੜ ਰੁਪਏ ਦੀ ਰਕਮ ਮਖਸੂਸ ਕੀਤੀ ਗਈ।

111. ਸਾਲ 2012-13 ਦੇ ਆਪਣੇ ਬਜਟ ਦੌਰਾਨ ਰਾਜ ਸਰਕਾਰ ਵਲੋਂ ਸਮੂਹ ਸਰਕਾਰੀ ਹਸਪਤਾਲਾਂ ਵਿਚ ਜ਼ਰੂਰੀ ਜੈਨਰਿਕ ਦਵਾਈਆਂ ਦੀ ਮੁਫ਼ਤ ਸਪਲਾਈ ਦਾ ਐਲਾਨ ਕੀਤਾ ਗਿਆ ਸੀ। ਮੈਨੂੰ ਸਤਿਕਾਰਯੋਗ ਮੈਂਬਰਾਂ ਨੂੰ ਇਹ ਦੱਸਣ ਵਿਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਸਿਹਤ ਵਿਭਾਗ ਨੇ 270 ਜਰੂਰੀ ਦਵਾਈਆਂ ਦੀ ਇਕ ਸੂਚੀ ਤਿਆਰ ਕੀਤੀ ਹੈ ਜੋ ਖ਼ਪਤਯੋਗ ਹਨ ਅਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਦੀ ਮੁਫ਼ਤ ਸਪਲਾਈ ਸਮੂਹ ਸਰਕਾਰੀ ਹਸਪਤਾਲਾਂ ਵਿਚ ਸਾਰੇ ਮਰੀਜ਼ਾਂ ਨੂੰ ਦਿੱਤੀ ਜਾ ਰਹੀ ਹੈ। ਸਾਲ 2013-14 ਤੋਂ ਅਸੀਂ ਇਸ ਸੁਵਿਧਾ ਦਾ ਪ੍ਰਸਾਰ ਅੰਮ੍ਰਿਤਸਰ, ਪਟਿਆਲਾ ਅਤੇ ਫਰੀਦਕੋਟ ਦੇ ਤਿੰਨ ਸਰਕਾਰੀ ਕਾਲਜਾਂ ਵਿਚ ਕਰ ਰਹੇ ਹਾਂ।

## ਸਰਕਾਰੀ ਕਰਮਚਾਰੀਆਂ ਲਈ ਸਿਹਤ ਬੀਮਾ

112. ਹਰ ਸਾਲ 6 ਲੱਖ ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਦੇ ਇਨਡੋਰ ਇਲਾਜ ਦੀ ਮੈਡੀਕਲ ਪ੍ਰਤੀਪੂਰਤੀ ਲਈ 160 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾਂਦੀ ਹੈ। ਇੰਨੀ ਭਾਰੀ ਰਕਮ ਖਰਚ ਹੋਣ ਦੇ ਬਾਵਜੂਦ ਵੀ ਸਰਕਾਰੀ ਕਰਮਚਾਰੀਆਂ ਵਿਚ ਸੰਤੁਸ਼ਟੀ ਦਾ ਪੱਧਰ ਕੋਈ ਬਹੁਤਾ ਉੱਚਾ ਨਹੀਂ ਹੈ ਕਿਉਂਜੋ ਯੋਜਨਾ ਵਿਚ ਕੁਝ ਅੰਦਰੂਨੀ ਖ਼ਾਮੀਆਂ ਹਨ। ਕਰਮਚਾਰੀਆਂ ਨੂੰ ਪਹਿਲਾਂ ਖਰਚਾ ਆਪਣੀ ਜੇਬ ਤੋਂ ਕਰਨਾ ਪੈਂਦਾ ਹੈ ਉਸ ਤੋਂ ਬਾਅਦ ਪ੍ਰਤੀਪੂਰਤੀ ਦਾ ਕਲੇਮ ਕੀਤਾ ਜਾਂਦਾ ਹੈ।

ਪ੍ਰਤੀਪੂਰਤੀ ਵਿਚ ਸਿਹਤ ਅਧਿਕਾਰੀਆਂ ਵਲੋਂ ਬਿਲਾਂ ਦੇ ਤਸਦੀਕੀਕਰਨ ਵਰਗੀਆਂ ਉਪਚਾਰਕਤਾਵਾਂ ਵੀ ਸ਼ਾਮਲ ਹਨ ਜਿਸ ਦੇ ਫਲਸਰੂਪ ਦੇਰੀ ਹੁੰਦੀ ਹੈ। ਅੰਤਿਮ ਪ੍ਰਵਾਨ ਰਕਮ ਸਰਕਾਰੀ ਕਰਮਚਾਰੀ ਵਲੋਂ ਖਰਚ ਕੀਤੀ ਜਾ ਚੁੱਕੀ ਰਾਸ਼ੀ ਤੋਂ ਘੱਟ ਹੁੰਦੀ ਹੈ। ਸਾਲ 2013-14 ਵਿਚ ਰਾਜ ਸਰਕਾਰ ਵਲੋਂ ਸਮੂਹ ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਲਈ ਇਕ ਕੈਸ਼ਲੈਸ ਸਿਹਤ ਬੀਮਾ ਯੋਜਨਾ ਆਰੰਭ ਕੀਤੀ ਜਾਵੇਗੀ।(ਥੰਪਿੰਗ) ਮੌਜੂਦਾ ਕਰਮਚਾਰੀ ਅਤੇ ਪੈਨਸ਼ਨਰਾਂ ਲਈ ਇਹ ਸਵੈਇੱਛਾ ਤੇ ਆਧਾਰਤ ਹੋਵੇਗੀ ਅਤੇ ਨਵੇਂ ਕਰਮਚਾਰੀਆਂ ਅਤੇ ਪੈਨਸ਼ਨਰਾਂ ਲਈ ਲਾਜ਼ਮੀ ਹੋਵੇਗੀ। ਇਹ ਯੋਜਨਾ ਕਰਮਚਾਰੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਕੈਸ਼ਲੈਸ ਇਲਾਜ ਨੂੰ ਸੁਨਿਸ਼ਚਿਤ ਬਣਾਵੇਗੀ। ਮੈਡੀਕਲ ਪ੍ਰਤੀਪੂਰਤੀ ਬਿਲਾਂ ਦੀ ਤਸਦੀਕ ਵਿਚ ਸ਼ਾਮਲ ਡਾਕਟਰਾਂ ਅਤੇ ਹੋਰ ਕਰਮਚਾਰੀਆਂ ਦੀ ਗਿਣਤੀ ਵਧ ਜਾਵੇਗੀ ਅਤੇ ਵਾਫ਼ਰ ਸਟਾਫ਼ ਨੂੰ ਸਿਹਤ ਵਿਭਾਗ ਦੀਆਂ ਹੋਰ ਮਹੱਤਵਪੂਰਨ ਗਤੀਵਿਧੀਆਂ ਵਿਚ ਤੈਨਾਤੀ ਲਈ ਉਪਲਬਧ ਰੱਖਿਆ ਜਾਵੇਗਾ।

## ਮੈਡੀਕਲ ਸਿੱਖਿਆ

113. ਰਾਜ ਸਰਕਾਰ ਪਿਛਲੇ ਤਿੰਨ ਚਾਰ ਸਾਲਾਂ ਤੋਂ ਨਿਰੰਤਰ ਰੂਪ ਵਿਚ ਆਪਣੇ ਮੈਡੀਕਲ ਕਾਲਜਾਂ ਦੇ ਬੁਨਿਆਦੀ ਢਾਂਚੇ ਦਾ ਨਵੀਨੀਕਰਣ ਕਰ ਰਹੀ ਹੈ। ਅੰਮ੍ਰਿਤਸਰ ਅਤੇ ਫਰੀਦਕੋਟ ਵਿਖੇ ਸਰਕਾਰੀ ਮੈਡੀਕਲ ਕਾਲਜਾਂ ਦੇ ਨਵੀਨੀਕਰਣ ਦਾ ਕਾਰਜ ਤਕਰੀਬਨ ਸਮਾਪਤੀ ਤੇ ਹੈ। ਸਾਲ 2013-14 ਲਈ ਇਨ੍ਹਾਂ ਮੈਡੀਕਲ ਕਾਲਜਾਂ ਦੇ ਨਵੀਨੀਕਰਣ ਹਿਤ 136 ਕਰੋੜ ਰੁਪਏ ਦੀ ਰਕਮ ਮਖਸੂਸ ਕੀਤੀ ਗਈ ਹੈ। ਵੇਰਵੇ ਹੇਠ ਲਿਖੇ ਅਨੁਸਾਰ ਹਨ:-

- 94 ਕਰੋੜ ਰੁਪਏ - 3 ਮੈਡੀਕਲ/ 2 ਡੈਂਟਲ ਕਾਲਜਾਂ ਦੇ ਨਵੀਨੀਕਰਣ ਲਈ।
- 21 ਕਰੋੜ ਰੁਪਏ - ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਲਈ।
- 14 ਕਰੋੜ ਰੁਪਏ - ਗੁਰੂ ਰਵੀਦਾਸ ਆਯੁਰਵੈਦਿਕ ਯੂਨੀਵਰਸਿਟੀ, ਹੁਸ਼ਿਆਰਪੁਰ ਲਈ।

114. ਰਾਜ ਸਰਕਾਰ ਨੇ ਮੈਡੀਕਲ, ਡੈਂਟਲ ਅਤੇ ਆਯੁਰਵੈਦਿਕ ਕਾਲਜਾਂ ਦੇ ਮੈਡੀਕਲ ਇੰਟਰਨਾਂ ਦੇ ਵਜੀਫੇ ਨੂੰ ਪ੍ਰਤੀ ਮਹੀਨਾ 4500/- ਰੁਪਏ ਤੋਂ ਵਧਾ ਕੇ 9000/- ਰੁਪਏ ਪ੍ਰਤੀ ਮਹੀਨਾ ਅਰਥਾਤ ਦੁੱਗਣਾ ਕਰ ਦਿੱਤਾ ਹੈ। ਇਸੇ ਤਰ੍ਹਾਂ ਸਰਕਾਰੀ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਵਿਚ ਹਾਊਸ ਸਰਜਨਾਂ ਦਾ ਮਾਣ-ਭੱਤਾ ਵੀ ਪ੍ਰਤੀ ਮਹੀਨਾ 4800/- ਰੁਪਏ ਤੋਂ ਵਧਾ ਕੇ 21,000/- ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ। ਮੈਂ ਸਾਲ 2013-14 ਵਿਚ ਇਸ ਨੂੰ ਅੱਗੇ 30,000/- ਰੁਪਏ ਤੱਕ ਵਧਾਉਣ ਦੀ ਤਜਵੀਜ਼ ਰੱਖਦਾ ਹਾਂ। (ਥੰਪਿੰਗ) ਇਹ ਵਾਰਡਾਂ ਦੇ ਉਚਿਤ ਪ੍ਰਬੰਧ ਵਿਚ ਹਸਪਤਾਲਾਂ ਅਤੇ ਕਾਲਜਾਂ ਨੂੰ ਬਿਹਤਰ ਬਣਾਉਣ ਲਈ ਹੈਲਥ ਸਰਜਨਾਂ ਦੀ ਸਮੇਂ ਸਿਰ ਭਰਤੀ ਨੂੰ ਯਕੀਨੀ ਬਣਾਵੇਗਾ।

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

## ਸ਼ਹਿਰੀ ਵਿਕਾਸ

115. ਸਾਲ 2011 ਦੀ ਜਨਗਣਨਾ ਦਰਸਾਉਂਦੀ ਹੈ ਕਿ ਰਾਜ ਦਾ 38 ਫ਼ੀ ਸਦ ਸ਼ਹਿਰੀਕਰਣ ਹੋ ਚੁੱਕਾ ਹੈ। ਜਦੋਂ ਕਿ ਇਹ ਤੇਜ਼ ਆਰਥਿਕ ਵਿਕਾਸ ਦਾ ਸੂਚਕ ਹੈ, ਪਰ ਇਹ ਲੱਖਾਂ ਸ਼ਹਿਰ ਵਾਸੀਆਂ ਨੂੰ ਸ਼ਹਿਰੀ ਸੁਵਿਧਾਵਾਂ ਉਪਲਬਧ ਕਰਵਾਉਣ ਦੀ ਚੁਣੌਤੀ ਵੀ ਸਾਹਮਣੇ ਰੱਖਦਾ ਹੈ। ਸਾਡੀ ਸਰਕਾਰ ਸਾਰੇ ਸ਼ਹਿਰਾਂ ਵਿੱਚ ਪੂਰਨ ਵਾਟਰ ਸਪਲਾਈ, ਸੀਵਰੇਜ, ਸੜਕਾਂ ਅਤੇ ਸਟਰੀਟ ਲਾਈਟਾਂ ਲਗਾਉਣ ਦੀ ਯੋਜਨਾ ਬਣਾਈ ਹੈ। ਸਾਡੀ ਸਰਕਾਰ ਦੀ ਰਾਜ ਦੇ ਵੱਖ-ਵੱਖ ਸ਼ਹਿਰਾਂ ਵਿੱਚ 50 ਅਰਬਨ ਅਸਟੇਟ ਬਣਾਉਣ ਦੀ ਤਜਵੀਜ਼ ਹੈ। (ਥੰਪਿੰਗ)

116. ਸਥਾਨਕ ਸਰਕਾਰ ਵਿਭਾਗ ਨੇ ਸ਼ਹਿਰੀ ਨਵੀਆਂ ਅਬਾਦੀਆਂ ਨੂੰ 100 ਫ਼ੀ ਸਦ ਬੁਨਿਆਦੀ ਸ਼ਹਿਰੀ ਸੁਵਿਧਾਵਾਂ ਉਪਲਬਧ ਕਰਵਾਉਣ ਲਈ 8888 ਕਰੋੜ ਰੁਪਏ ਦੀ ਟੀਚਾਪੂਰਣ ਯੋਜਨਾ ਤਿਆਰ ਕੀਤੀ ਹੈ। (ਥੰਪਿੰਗ) 4329 ਕਰੋੜ ਰੁਪਏ ਦੇ ਫੰਡ ਪਹਿਲਾਂ ਤੋਂ ਹੀ ਮਖਸੂਸ ਕਰ ਦਿੱਤੇ ਗਏ ਹਨ, ਜਿਸ ਵਿਚੋਂ 1844 ਕਰੋੜ ਰੁਪਏ ਪ੍ਰਾਪਤ ਕਰ ਲਏ ਗਏ ਹਨ।

117. ਨਿਵੇਕਲੇ ਅਤੇ ਸਥਾਈ ਸ਼ਹਿਰੀ ਵਿਕਾਸ ਲਈ ਦੂਸਰੀਆਂ ਮੁੱਖ ਪਹਿਲ ਕਦਮੀਆਂ ਵਿਚ ਸ਼ਾਮਲ ਹਨ:-

(ੳ) ਬਿਆਸ, ਸਤਲੁਜ ਅਤੇ ਘੱਗਰ ਦੇ ਕੰਢਿਆਂ ਤੇ ਸਥਿਤ 45 ਕਸਬਿਆਂ ਵਿਚੋਂ, 35 ਕਸਬਿਆਂ ਵਿਚ ਜਲ ਪੂਰਤੀ ਅਤੇ ਸੀਵਰੇਜ ਕਾਰਜ ਚਲ ਰਹੇ ਹਨ। ਹੁਣ ਤੱਕ 818 ਕਰੋੜ ਰੁਪਏ ਦੀ ਰਕਮ ਵਰਤੀ ਜਾ ਚੁੱਕੀ ਹੈ।

(ਅ) ਪੀ.ਪੀ.ਪੀ. ਮੋਡ ਵਿਚ ਠੋਸ ਕੂੜਾ-ਕਰਕਟ ਪ੍ਰਬੰਧ ਪਹਿਲ ਕਦਮੀ ਅਧੀਨ 4 ਸਮੂਹਾਂ ਜਿਵੇਂ ਕਿ ਜਲੰਧਰ, ਫਿਰੋਜ਼ਪੁਰ, ਲੁਧਿਆਣਾ ਅਤੇ ਬਠਿੰਡਾ ਵਿਚ ਘਰ-ਘਰ ਦਾ ਠੋਸ ਕੂੜਾ-ਕਰਕਟ ਇਕੱਠਾ ਕਰਨ ਅਤੇ ਇਸ ਦੀ ਢੋਆ-ਢੁਆਈ ਦਾ ਕੰਮ ਸ਼ੁਰੂ ਹੋ ਚੁੱਕਾ ਹੈ।

(ੲ) ਜਲੰਧਰ ਅਤੇ ਲੁਧਿਆਣਾ ਵਿਚ ਸਿਟੀ ਬੱਸ ਸਰਵਿਸ ਸ਼ੁਰੂ ਹੋ ਗਈ ਹੈ ਅਤੇ ਜਲਦੀ ਹੀ ਅੰਮ੍ਰਿਤਸਰ ਵਿਚ ਸ਼ੁਰੂ ਹੋ ਜਾਵੇਗੀ।

(ਸ) ਪੀ.ਪੀ.ਪੀ. ਮੋਡ ਅਧੀਨ ਊਰਜਾ ਪ੍ਰਭਾਵੀ ਸਟਰੀਟ ਲਾਈਟਿੰਗ ਨਾਲ ਸ਼ਹਿਰੀ ਸਥਾਨਕ ਸੰਸਥਾਵਾਂ ਲਈ ਸਾਲਾਨਾ 20 ਕਰੋੜ ਰੁਪਏ ਬਚਤ ਹੋਵੇਗੀ।

(ਹ) 32 ਸ਼ਹਿਰਾਂ ਦਾ ਮਾਸਟਰ ਪਲਾਨ ਪਹਿਲਾਂ ਤੋਂ ਹੀ ਅਧਿਸੂਚਿਤ ਕੀਤਾ ਜਾ ਚੁੱਕਾ ਹੈ ਅਤੇ 40 ਸ਼ਹਿਰਾਂ ਦਾ ਮਾਸਟਰ ਪਲਾਨ ਪ੍ਰਕ੍ਰਿਆ ਅਧੀਨ ਹੈ। ਨਵੇਂ ਸ਼ਹਿਰੀ ਯੋਜਨਾਬੰਦੀ ਮਾਪਦੰਡ ਅੰਤਰ ਰਾਸ਼ਟਰੀ ਮਾਪਦੰਡਾਂ ਦੇ ਅਨੁਸਾਰ ਹਨ ਅਤੇ

(ਕ) 9840 ਕਰੋੜ ਰੁਪਏ ਦੀ ਲਾਗਤ ਵਾਲਾ ਲੁਧਿਆਣਾ ਮੈਟਰੋ ਦਾ ਡੀ.ਪੀ.ਆਰ. ਪ੍ਰਵਾਨਗੀ ਲਈ ਭਾਰਤ ਸਰਕਾਰ ਨੂੰ ਭੇਜ ਦਿੱਤਾ ਗਿਆ ਹੈ।

(ਖ) ਅੰਮ੍ਰਿਤਸਰ ਵਿਖੇ ਪਬਲਿਕ ਰੈਪਿਡ ਟ੍ਰਾਂਜ਼ਿਟ ਸਿਸਟਮ (ਪੀ.ਆਰ.ਟੀ.ਐਸ.) ਸਥਾਪਤ ਕਰਨ ਦੀ ਪ੍ਰਕ੍ਰਿਆ ਸ਼ੁਰੂ ਹੋ ਚੁੱਕੀ ਹੈ।

## ਮੁੱਖ ਮੰਤਰੀ ਅਵਾਸ ਯੋਜਨਾ

118. ਮੌਜੂਦਾ ਸਮੇਂ, ਸਥਾਨਕ ਸਰਕਾਰ ਅਤੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਅਤੇ ਪੇਂਡੂ ਵਿਕਾਸ ਵਿਭਾਗ ਵਿਚ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ, ਗੰਦੀ ਬਸਤੀਆਂ ਵਿਚ ਰਹਿਣ ਵਾਲੇ ਅਤੇ ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਤਬਕਿਆਂ ਲਈ ਮਕਾਨ ਉਪਲਬਧ ਕਰਵਾਉਣ ਲਈ ਵੱਖ ਵੱਖ ਸਕੀਮਾਂ ਹਨ। ਰਾਜ ਸਰਕਾਰ ਇਨ੍ਹਾਂ ਸਾਰੀਆਂ ਸਕੀਮਾਂ ਨੂੰ ਇਕੱਠਾ ਕਰੇਗੀ ਅਤੇ ਅਗਲੇ 2 ਸਾਲਾਂ ਵਿਚ 1 ਲੱਖ ਮਕਾਨਾਂ ਦੀ ਉਸਾਰੀ ਕਰੇਗੀ। (ਥੰਪਿੰਗ) ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਅਜਿਹੀ ਸਕੀਮ ਨੂੰ ਤਿਆਰ ਕਰਨ ਵਾਲੀ ਨੋਡਲ ਏਜੰਸੀ ਹੋਵੇਗੀ। ਇਸ ਸਕੀਮ ਅਧੀਨ ਆਟਾ ਦਾਲ ਪਰਿਵਾਰ ਅਰਥਾਤ 30,000/-ਰੁਪਏ ਤੋਂ ਘੱਟ ਸਾਲਾਨਾ ਆਮਦਨੀ ਵਾਲੇ ਪਰਿਵਾਰ ਅਤੇ ਬੇਘਰੇ ਪਰਿਵਾਰ ਕਵਰ ਕੀਤੇ ਜਾਣਗੇ। ਰਾਜ ਸਰਕਾਰ ਦਾ ਯੋਗਦਾਨ ਜ਼ਮੀਨ ਅਤੇ ਧਨ ਸਬੰਧੀ ਮਦਦ ਦੇ ਰੂਪ ਵਿਚ ਹੋਵੇਗਾ। ਰਾਜ ਸਰਕਾਰ ਕੋਲ ਸ਼ਹਿਰੀ ਖੇਤਰਾਂ ਵਿਚ ਹਾਊਸਿੰਗ ਪ੍ਰਾਜੈਕਟਾਂ ਵਿਚ ਈ.ਡਬਲਿਯੂ.ਐੱਸ. ਲਈ ਰਾਖਵੀਂ ਕੀਤੀ 10 ਫ਼ੀ ਸਦ ਭੂਮੀ ਤੋਂ ਵੱਧ ਪਈ ਹੈ। ਪੇਂਡੂ ਖੇਤਰਾਂ ਵਿਚ ਪੰਚਾਇਤਾਂ ਮੁਫ਼ਤ ਜ਼ਮੀਨ ਉਪਲਬਧ ਕਰਵਾਉਣਗੀਆਂ, ਜਿਥੇ ਭੂਮੀ ਨਹੀਂ ਹੋਵੇਗੀ ਉਥੇ ਸਰਕਾਰ ਇਸ ਦੀ ਖ਼ਰੀਦ ਕਰੇਗੀ। ਇਸ ਮੰਤਵ ਲਈ 100 ਕਰੋੜ ਰੁਪਏ ਦੀ ਰਕਮ ਤਜਵੀਜ਼ ਕੀਤੀ ਗਈ ਹੈ। (ਥੰਪਿੰਗ) ਮਕਾਨ ਦੀ ਕੀਮਤ ਦਾ ਕੁਝ ਹਿੱਸਾ ਲਾਭਪਾਤਰੀ ਵਲੋਂ ਵੀ ਦਿੱਤਾ ਜਾਵੇਗਾ, ਜਿਸ ਲਈ ਰਿਆਇਤੀ ਦਰ ਤੇ ਹੁੱਡਕੋ/ਐਨ.ਐਚ.ਬੀ. ਵਲੋਂ ਕਰਜ਼ਾ ਮੁਹੱਈਆ ਕੀਤਾ ਜਾਵੇਗਾ।

## ਸਮਾਜਿਕ ਸੁਰੱਖਿਆ

119. ਸਾਲ 2013-14 ਵਿਚ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਲਈ 1118 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਗਈ ਹੈ। ਮੁੱਖ ਮਖ਼ਸੂਸੀਆਂ ਨਿਮਨ ਅਨੁਸਾਰ ਹਨ:-

- 646 ਕਰੋੜ ਰੁਪਏ - 21.55 ਲੱਖ ਲਾਭਪਾਤਰੀਆਂ ਨੂੰ ਬੁਢਾਪਾ ਅਤੇ ਹੋਰ ਪੈਨਸ਼ਨਾਂ ਦੀ ਅਦਾਇਗੀ ਲਈ। ਇਸ ਤੋਂ ਇਲਾਵਾ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਅਧੀਨ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਨਾਲ ਸਬੰਧਤ 2 ਲੱਖ ਲਾਭਪਾਤਰੀ ਵਧੀਕ ਪੈਨਸ਼ਨ ਪ੍ਰਾਪਤ ਕਰਨਗੇ।
- 10 ਕਰੋੜ ਰੁਪਏ - ਲੜਕੀਆਂ ਨੂੰ ਪੇਸ਼ੇਵਾਰਾਨਾ ਸਿੱਖਿਆ ਦੇਣ ਲਈ।

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

- 47 ਕਰੋੜ ਰੁਪਏ -ਮਾਈ ਭਾਗੋ ਸਕੀਮ ਅਧੀਨ ਲੜਕੀਆਂ ਨੂੰ ਸਾਈਕਲਾਂ ਮੁਹੱਈਆ ਕਰਵਾਉਣ ਲਈ।
- 62.50 ਕਰੋੜ ਰੁਪਏ - ਬੇਬੇ ਨਾਨਕੀ ਲਾਡਲੀ ਬੇਟੀ ਸਕੀਮ ਅਧੀਨ ਲੜਕੀਆਂ ਦੇ ਸਸ਼ਕਤੀਕਰਣ ਲਈ।
- 221 ਕਰੋੜ ਰੁਪਏ-ਸਮੂਹਿਕ ਬਾਲ ਵਿਕਾਸ ਸੇਵਾਵਾਂ ਅਧੀਨ ਗਰਭਵਤੀ ਇਸਤਰੀਆਂ ਅਤੇ 15 ਲੱਖ ਬੱਚਿਆਂ ਨੂੰ ਪੂਰਕ ਆਹਾਰ ਉਪਲਬਧ ਕਰਵਾਉਣ ਲਈ।
- 35 ਕਰੋੜ ਰੁਪਏ - ਰਾਜੀਵ ਗਾਂਧੀ ਅਬਲਾ ਅਤੇ ਕਿਸ਼ੋਰੀ ਸ਼ਕਤੀ ਅਧੀਨ ਸਿਹਤ, ਸਵੱਛਤਾ, ਪਰਿਵਾਰ ਅਤੇ ਬਾਲ ਸੰਭਾਲ ਸਬੰਧੀ ਜਾਗਰੂਕਤਾ ਪੈਦਾ ਕਰਨ ਅਤੇ ਕਿਸ਼ੋਰ ਲੜਕੀਆਂ ਨੂੰ ਪੋਸ਼ਣ ਉਪਲਬਧ ਕਰਵਾਉਣ ਲਈ।
- 24 ਕਰੋੜ ਰੁਪਏ - ਸਮੂਹਿਕ ਬਾਲ ਸੁਰੱਖਿਆ ਸਕੀਮ ਅਧੀਨ ਬੱਚਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ।
- 9.75 ਕਰੋੜ ਰੁਪਏ - ਰਾਜ ਵਿਚ ਆਂਗਨਵਾੜੀ ਸੈਂਟਰਾਂ ਲਈ ਮੁੱਢਲੀਆਂ ਸੁਵਿਧਾਵਾਂ ਦਾ ਪ੍ਰਬੰਧ ਕਰਵਾਉਣ ਅਤੇ ਹੋਰ ਬੁਨਿਆਦੀ ਢਾਂਚੇ ਸਬੰਧੀ ਕਾਰਜਾਂ ਲਈ।
- 5 ਕਰੋੜ ਰੁਪਏ - ਮੁਹਾਲੀ ਵਿਖੇ ਸਪਾਈਨਲ ਇੰਜਰੀ ਸੈਂਟਰ ਲਈ।

120. ਮੁਹਾਲੀ ਵਿਖੇ ਸਪਾਈਨਲ ਇੰਜਰੀ ਸੈਂਟਰ ਸ਼ਲਾਘਾ ਯੋਗ ਕਾਰਜ ਕਰ ਰਿਹਾ ਹੈ। ਇਸ ਉਦੇਸ਼ ਲਈ ਉਪਬੰਧ 2 ਕਰੋੜ ਤੋਂ ਵਧਾ ਕੇ 5 ਕਰੋੜ ਰੁਪਏ ਕਰ ਦਿੱਤਾ ਗਿਆ ਹੈ। 15 ਅਗਸਤ, 2007 ਤੋਂ ਆਰੰਭ ਆਟਾ ਦਾਲ ਸਕੀਮ 15.4 ਲੱਖ ਗਰੀਬ ਪਰਿਵਾਰਾਂ ਨੂੰ ਉੱਚ ਰਿਆਇਤੀ ਦਰਾਂ ਤੇ ਅਨਾਜ ਮੁਹੱਈਆ ਕਰਵਾ ਰਹੀ ਹੈ। ਹਰੇਕ ਪਰਿਵਾਰ ਨੂੰ ਕ੍ਰਮਵਾਰ 4 ਰੁਪਏ ਅਤੇ 20 ਰੁਪਏ ਪ੍ਰਤੀ ਕਿਲੋ ਦੀ ਦਰ ਨਾਲ 25 ਕਿਲੋ ਕਣਕ ਅਤੇ 2.5 ਕਿਲੋ ਦਾਲ ਮੁਹੱਈਆ ਕਰਵਾਈ ਜਾਂਦੀ ਹੈ। ਸਾਲ 2013-14 ਲਈ ਬਜਟ ਉਪਬੰਧ 350 ਕਰੋੜ ਰੁਪਏ ਹੈ। ਸਾਡੀ ਸਰਕਾਰ ਗਰੀਬਾਂ ਦੀ ਭਲਾਈ ਲਈ ਇਹ ਸਾਰੀਆਂ ਸਕੀਮਾਂ ਲਾਗੂ ਕਰੇਗੀ।

## ਨੰਨ੍ਹੀ ਛਾਂ - ਇਸਤਰੀਆਂ ਦੇ ਸਸ਼ਕਤੀਕਰਣ ਲਈ ਪਹਿਲ ਕਦਮੀ

121. ਰਾਜ ਸਰਕਾਰ ਇਸ ਗੱਲ ਤੋਂ ਸੁਚੇਤ ਹੈ ਕਿ ਬਹੁਤ ਘੱਟ ਲੜਕੀਆਂ ਖਾਸ ਕਰਕੇ ਗਰੀਬ ਪਰਿਵਾਰਾਂ ਤੋਂ ਪੇਸ਼ਾਵਾਰਾਨਾ ਕੋਰਸਾਂ ਵਿਚ ਦਾਖਲਾ ਲੈਂਦੀਆਂ ਹਨ। ਅਨੁਸੂਚਿਤ ਜਾਤੀਆਂ, ਪਛੜੀ ਜਾਤੀਆਂ ਅਤੇ ਘੱਟ ਗਿਣਤੀ ਵਾਲੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਪੱਧਰ ਦੀ ਵਿੱਦਿਆ ਨੂੰ ਜਾਰੀ ਰੱਖਣ ਲਈ ਵਜ਼ੀਫਾ ਦਿੱਤਾ ਜਾਂਦਾ ਹੈ, ਪ੍ਰੰਤੂ ਗਰੀਬ ਲੜਕੀਆਂ ਲਈ ਅਜਿਹੀ ਕੋਈ ਸਕੀਮ ਨਹੀਂ ਹੈ। ਸਾਡੀ ਸਰਕਾਰ 30,000/- ਰੁਪਏ ਸਲਾਨਾ ਆਮਦਨ ਤੋਂ ਘੱਟ

ਪਰਿਵਾਰਾਂ ਅਰਥਾਤ ਆਟਾ-ਦਾਲ ਪਰਿਵਾਰਾਂ ਨਾਲ ਸਬੰਧਤ ਲੜਕੀਆਂ ਲਈ ਇਕ ਨਵੀਂ ਨੰਨੀ-ਛਾਂ ਸਕਾਲਰਸ਼ਿਪ ਸਕੀਮ ਸ਼ੁਰੂ ਕਰੇਗੀ। ਜਿਹੜੀਆਂ ਲੜਕੀਆਂ ਪੇਸ਼ਾਵਾਰਾਨਾ ਕੋਰਸਾਂ ਜਿਵੇਂ ਕਿ ਨਰਸਿੰਗ, ਡੈਂਟਲ, ਮੈਡੀਕਲ, ਇੰਜਨੀਅਰਿੰਗ ਅਤੇ ਪੋਲੀ-ਟੈਕਨਿਕ ਵਿਚ ਦਾਖਲਾ ਲੈਂਦੀਆਂ ਹਨ ਅਤੇ ਮੌਜੂਦਾ ਵਜ਼ੀਫੇ ਵਿੱਚ ਕਵਰ ਨਹੀਂ ਹੁੰਦੀਆਂ ਹਨ, ਨੂੰ 30,000/- ਪ੍ਰਤੀ ਸਾਲ ਦਾ ਵਜੀਫਾ ਦਿੱਤਾ ਜਾਵੇਗਾ। ਇਸ ਮੰਤਵ ਲਈ 10 ਕਰੋੜ ਰੁਪਏ ਦੀ ਰਕਮ ਰਾਖਵੀਂ ਕੀਤੀ ਗਈ ਹੈ। (ਥੰਪਿੰਗ)

122. ਇਸਤਰੀਆਂ ਦਾ ਸਸ਼ਕਤੀਕਰਣ ਕਰਨਾ ਸਾਡੀ ਸਰਕਾਰ ਦਾ ਤਰਜੀਹੀ ਖੇਤਰ ਰਿਹਾ ਹੈ। 11ਵੀਂ ਅਤੇ 12ਵੀਂ ਕਲਾਸ ਦੀਆਂ ਲੜਕੀਆਂ ਨੂੰ ਸਾਈਕਲਾਂ ਉਪਲਬਧ ਕਰਵਾਉਣ ਸਬੰਧੀ ਸਾਲ 2011-12 ਵਿਚ ਸ਼ੁਰੂ ਕੀਤੀ ਮਾਈ ਭਾਗੋ ਵਿਦਿਆ ਸਕੀਮ ਨੂੰ ਜਾਰੀ ਰੱਖਿਆ ਜਾਵੇਗਾ। ਬਜਟ 2012-13 ਵਿਚ ਬੇਬੇ ਨਾਨਕੀ ਲਾਡਲੀ ਬੇਟੀ ਕਲਿਆਣ ਸਕੀਮ ਦੀ ਘੋਸ਼ਣਾ ਕੀਤੀ ਗਈ ਸੀ। ਇਸ ਸਕੀਮ ਦੇ ਦਿਸ਼ਾ-ਨਿਰਦੇਸ਼ਾਂ ਨੂੰ ਅੰਤਿਮ ਰੂਪ ਦਿੱਤਾ ਜਾ ਚੁੱਕਾ ਹੈ ਅਤੇ ਇਸ ਸਕੀਮ ਅਧੀਨ ਸਾਰੀਆਂ ਲੜਕੀਆਂ ਨੂੰ ਕਵਰ ਕੀਤਾ ਜਾਵੇਗਾ। 01-04-2011 ਤੋਂ ਬਾਅਦ ਪੈਦਾ ਹੋਈਆਂ ਸਾਰੀਆਂ ਲੜਕੀਆਂ ਜਿਨ੍ਹਾਂ ਦੇ ਪਰਿਵਾਰਾਂ ਦੀ ਸਾਲਾਨਾ ਆਮਦਨ 30,000/- ਰੁਪਏ ਪ੍ਰਤੀ ਸਾਲ (ਆਟਾ ਦਾਲ ਪਰਿਵਾਰ) ਤੋਂ ਘੱਟ ਹੈ ਅਤੇ ਜਿਨ੍ਹਾਂ ਨੇ ਦੋ ਬੱਚਿਆਂ ਦੀ ਸ਼ਰਤ ਨੂੰ ਅਪਣਾਇਆ ਹੈ, ਨੂੰ ਇਸ ਸਕੀਮ ਅਧੀਨ ਕਵਰ ਕੀਤਾ ਜਾਵੇਗਾ। ਇਸ ਸਕੀਮ ਲਈ 62.50 ਕਰੋੜ ਰੁਪਏ ਮਖ਼ਸੂਸ ਕੀਤੇ ਗਏ ਹਨ। ਲੜਕੀ ਦੇ ਜਨਮ ਲੈਣ ਤੇ, ਭਾਰਤੀ ਜੀਵਨ ਬੀਮਾ ਨਿਗਮ ਵਿਚ 20,000/- ਰੁਪਏ ਪ੍ਰੀਮੀਅਮ ਵਜੋਂ ਨਿਵੇਸ਼ ਕੀਤਾ ਜਾਂਦਾ ਹੈ। ਲੜਕੀਆਂ ਨੂੰ ਜਨਮ ਸਮੇਂ, ਰੋਗ ਆਦਿ ਤੋਂ ਸੁਰੱਖਿਆ ਤੋਂ ਬਾਅਦ ਅਤੇ ਪਹਿਲੀ ਸ਼੍ਰੇਣੀ ਅਤੇ ਨੌਂਵੀਂ ਸ਼੍ਰੇਣੀ ਵਿਚ ਦਾਖਲੇ ਸਮੇਂ ਯਕਮੁਸ਼ਤ 2100 ਰੁਪਏ ਦੀ ਰਕਮ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਉਹ ਸ਼੍ਰੇਣੀ ਇੱਕ ਤੋਂ ਛੇਵੀਂ ਤੱਕ 100 ਰੁਪਏ ਪ੍ਰਤੀ ਮਹੀਨਾ ਅਤੇ ਸੱਤਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ 200 ਰੁਪਏ ਪ੍ਰਤੀ ਮਹੀਨਾ ਵਜੀਫ਼ਾ ਪ੍ਰਾਪਤ ਕਰਨਗੀਆਂ। 18 ਸਾਲ ਦੀ ਉਮਰ ਪ੍ਰਾਪਤ ਕਰਨ ਅਤੇ ਬਾਰ੍ਹਵੀਂ ਸ਼੍ਰੇਣੀ ਪਾਸ ਹੋ ਜਾਣ ਤੇ ਉਹ ਉਚੇਰੀ ਸਿੱਖਿਆ ਨੂੰ ਜਾਰੀ ਰੱਖਣ ਲਈ 31,000/- ਰੁਪਏ ਪ੍ਰਾਪਤ ਕਰਨ ਦੀ ਹੱਕਦਾਰ ਹੋਵੇਗੀ।

## ਇਸਤਰੀਆਂ ਲਈ ਡੇਅਰੀ ਸਕੀਮ

ਸਾਡੀ ਸਰਕਾਰ 2013-14 ਵਿੱਚ ਇਸਤਰੀਆਂ ਲਈ ਇਕ ਨਵੀਂ ਡੇਅਰੀ ਸਕੀਮ ਲੈ ਕੇ ਆਈ ਹੈ। ਇਸ ਸਕੀਮ ਦੇ ਤਹਿਤ, ਇਕ ਡੇਅਰੀ ਯੂਨਿਟ ਜਿਸ ਵਿੱਚ 20 ਪਸ਼ੂ, ਉਨ੍ਹਾਂ ਲਈ ਸ਼ੈੱਡ, ਦੁੱਧ ਕੱਢਣ ਵਾਲੀ ਮਸ਼ੀਨ, ਬਲਕ ਮਿਲਕ ਕੂਲਰ ਅਤੇ ਚਾਰਾ ਕੱਟਣ ਦਾ ਹਾਰਵੈਸਟ, ਜਿਸ ਦੀ ਕੁੱਲ ਲਾਗਤ 27 ਲੱਖ ਰੁਪਏ ਹੁੰਦੀ ਹੈ, ਵਿਚੋਂ 11 ਲੱਖ ਦੀ ਸਬਸਿਡੀ ਦਿੱਤੀ ਜਾਵੇਗੀ। (ਥੰਪਿੰਗ) ਇਸਤਰੀਆਂ ਨੂੰ 20 ਬੱਕਰੀਆਂ ਪਿਛੇ 1 ਲੱਖ ਦੀ ਅਤੇ 5000 ਮੁਰਗੀਆਂ ਪਿਛੇ 6 ਲੱਖ ਦੀ ਸਬਸਿਡੀ ਦਿੱਤੀ ਜਾਵੇਗੀ। (ਥੰਪਿੰਗ)

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

## ਪੇਸ਼ੇਵਾਰਾਨਾ ਕੋਰਸਾਂ ਲਈ ਲੜਕੀਆਂ ਨੂੰ ਵਜ਼ੀਫ਼ੇ ਮੁਫ਼ਤ ਆਈ.ਟੀ.ਆਈ. ਸਿੱਖਿਆ

123. ਸਰਕਾਰ ਵੱਲੋਂ ਸਰਕਾਰੀ ਆਈ.ਟੀ.ਆਈਜ ਜੋ ਕਿ ਅਜੋਕੇ ਸਮੇਂ ਹਰੇਕ ਵਿਦਿਆਰਥੀ ਤੋਂ 3000/- ਰੁਪਏ ਪ੍ਰਤੀ ਸਾਲ ਦੇ ਵਸੂਲ ਕਰਦੇ ਹਨ, ਵਿਚ ਸਾਰੀਆਂ ਲੜਕੀਆਂ ਨੂੰ ਮੁਫ਼ਤ ਸਿੱਖਿਆ ਉਪਲਬਧ ਕਰਵਾਉਣ ਦਾ ਵੀ ਨਿਰਣਾ ਲਿਆ ਗਿਆ ਹੈ।(ਥੰਪਿੰਗ) ਮੈਨੂੰ ਉਮੀਦ ਹੈ ਕਿ ਮੌਜੂਦਾ ਵਜ਼ੀਫਾ ਸਕੀਮਾਂ ਸਮੇਤ ਇਨ੍ਹਾਂ ਦੋਹਾਂ ਸਕੀਮਾਂ ਦਾ ਸੁਮੇਲ ਔਖਿਆਈ ਵਾਲੇ ਪਰਿਵਾਰਾਂ ਦੀਆਂ ਲੜਕੀਆਂ ਨੂੰ ਪੇਸ਼ਾਵਾਰਾਨਾ ਸਿੱਖਿਆ ਜਾਰੀ ਰੱਖਣ ਅਤੇ ਬਿਹਤਰ ਨੌਕਰੀਆਂ ਪ੍ਰਾਪਤ ਕਰਨ ਦੇ ਸਮਰੱਥ ਬਣਾਏਗਾ।

## ਜਨ ਸ਼੍ਰੀ ਬੀਮਾ ਯੋਜਨਾ/ਆਮ ਆਦਮੀ ਬੀਮਾ ਯੋਜਨਾ ਦਾ ਪ੍ਰਭਾਵੀ ਅਮਲ

124. ਰਾਜ ਸਰਕਾਰ ਦੋ ਸਕੀਮਾਂ ਅਰਥਾਤ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਲਈ ਜਨ ਸ਼੍ਰੀ ਬੀਮਾ ਯੋਜਨਾ ਅਤੇ ਜ਼ਮੀਨ ਰਹਿਤ ਪੇਂਡੂ ਲੋਕਾਂ ਲਈ ਆਮ ਆਦਮੀ ਬੀਮਾ ਯੋਜਨਾ ਲਾਗੂ ਕਰ ਰਹੀ ਹੈ। ਇਨ੍ਹਾਂ ਦੋਹਾਂ ਸਕੀਮਾਂ ਅਧੀਨ ਕੁਦਰਤੀ ਮੌਤ ਤੇ 30,000/- ਰੁਪਏ, ਅੰਸ਼ਿਕ ਅਪੰਗਤਾ ਲਈ 37,000/- ਰੁਪਏ ਅਤੇ ਸਥਾਈ ਅਪੰਗਤਾ/ਮੌਤ ਤੇ 75,000/- ਰੁਪਏ ਦਾ ਜੀਵਨ ਬੀਮਾ ਕਵਰ ਹੈ। ਪਰਿਵਾਰਾਂ ਨੂੰ 2 ਬੱਚਿਆਂ ਤੱਕ ਕਲਾਸ ਨੌਵੀਂ ਤੋਂ ਬਾਰ੍ਹਵੀਂ ਤਕ 100 ਰੁਪਏ ਪ੍ਰਤੀ ਮਹੀਨਾ ਦੀ ਦਰ ਤੇ ਵਜੀਫਾ ਮਿਲਦਾ ਹੈ। (ਥੰਪਿੰਗ) ਇਨ੍ਹਾਂ ਦੋਨੋਂ ਸਕੀਮਾਂ ਨੇ ਲਗਭਗ 7.8 ਲੱਖ ਪਰਿਵਾਰਾਂ ਨੂੰ ਕਵਰ ਕਰ ਲੈਣਾ ਚਾਹੀਦਾ ਸੀ ਜਦ ਕਿ ਹੁਣ ਤੱਕ ਕੇਵਲ 2.65 ਲੱਖ ਪਰਿਵਾਰਾਂ ਦਾ ਨਾਂ ਦਰਜ ਕੀਤਾ ਗਿਆ ਹੈ। ਇਨ੍ਹਾਂ ਦੋਵੇਂ ਸਕੀਮਾਂ ਨੂੰ ਆਮ ਆਦਮੀ ਬੀਮਾ ਯੋਜਨਾ ਵਿਚ ਇਕੱਠਾ ਕਰ ਦਿੱਤਾ ਜਾਵੇਗਾ ਅਤੇ ਹੁਣ ਇਹ ਸਮਾਜਿਕ ਸੁਰੱਖਿਆ ਵਿਭਾਗ ਦੀ ਬਜਾਏ ਸਿਹਤ ਵਿਭਾਗ ਵੱਲੋਂ ਲਾਗੂ ਕੀਤੀ ਜਾਵੇਗੀ ਜੋ ਕਿ ਪਹਿਲਾਂ ਹੀ ਗਰੀਬਾਂ ਲਈ ਇਕ ਸਿਹਤ ਬੀਮਾ ਸਕੀਮ ਬੜੀ ਸਫ਼ਲਤਾ ਨਾਲ ਅਮਲ ਵਿਚ ਲਿਆ ਰਿਹਾ ਹੈ। ਸਿਹਤ ਬੀਮਾ ਯੋਜਨਾ ਸਕੀਮ ਦੇ ਲਾਭਪਾਤਰੀ ਆਮ ਆਦਮੀ ਬੀਮਾ ਯੋਜਨਾ ਅਧੀਨ ਵੀ ਦਰਜ ਕੀਤੇ ਜਾਣਗੇ। ਇਹ ਆਮ ਆਦਮੀ ਬੀਮਾ ਯੋਜਨਾ ਅਧੀਨ ਸਾਰੇ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਦੀ ਕਵਰੇਜ ਨੂੰ ਯਕੀਨੀ ਬਣਾਏਗਾ।

## ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਜਾਤੀਆਂ ਦੀ ਭਲਾਈ

125. ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਜਾਤੀਆਂ ਅਤੇ ਸਮਾਜਾਂ ਦੇ ਕਮਜ਼ੋਰ ਤਬਕਿਆਂ ਦੀ ਭਲਾਈ ਰਾਜ ਸਰਕਾਰ ਦੀ ਉੱਚ ਤਰਜੀਹ ਹੈ। ਸਲਾਨਾ ਯੋਜਨਾ 2013-14 ਅਧੀਨ ਇਸ ਮੱਦ ਅਧੀਨ ਖਰਚੇ ਨੂੰ 435 ਕਰੋੜ ਤੋਂ ਵਧਾ ਕੇ 596 ਕਰੋੜ ਰੁਪਏ ਕਰ ਦਿੱਤਾ ਗਿਆ ਹੈ। (ਥੰਪਿੰਗ) ਮਹੱਤਵਪੂਰਨ ਸਕੀਮਾਂ ਇਹ ਹਨ:-

- 152 ਕਰੋੜ ਰੁਪਏ - ਕਿਸੀ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਧੀਆਂ

ਅਤੇ ਤਲਾਕਸ਼ੁਦਾ/ਵਿਧਵਾਵਾਂ/ਈਸਾਈਆਂ, ਲੜਕੀਆਂ/ਪੱਛੜੀਆਂ ਜਾਤਾਂ/ਅਨੁਸੂਚਿਤ ਜਾਤੀਆਂ ਨੂੰ ਉਨ੍ਹਾਂ ਦੇ ਵਿਆਹ ਦੇ ਸਮੇਂ ਸ਼ਗਨ ਲਈ। 60,000 ਨਵੇਂ ਬਿਨੈਕਾਰਾਂ ਦੀਆਂ ਸ਼ਗਨ ਲੋੜਾਂ ਨੂੰ ਪੂਰਾ ਕਰਨ ਲਈ 90 ਕਰੋੜ ਰੁਪਏ ਅਤੇ ਪਿਛਲੇ ਸਾਲਾਂ ਦੀ ਲੰਬਿਤ ਦੇਣਦਾਰੀ ਨੂੰ ਪੂਰਾ ਕਰਨ ਲਈ 62 ਕਰੋੜ ਰੁਪਏ ਮਖ਼ਸੂਸ ਕੀਤੇ ਗਏ ਹਨ।

- 50 ਕਰੋੜ ਰੁਪਏ – ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਬੇਘਰੇ ਅਨੁਸੂਚਿਤ ਜਾਤੀਆਂ ਨੂੰ ਮਕਾਨਾਂ ਲਈ।
- 237 ਕਰੋੜ ਰੁਪਏ – ਐਸ.ਸੀਜ਼/ਬੀ.ਸੀਜ਼ ਅਤੇ ਘੱਟ ਗਿਣਤੀ ਵਿਦਿਆਰਥੀਆਂ ਨੂੰ ਵਜੀਫਾ ਸਕੀਮਾਂ ਲਈ।
- 28 ਕਰੋੜ ਰੁਪਏ – ਡਾ. ਬੀ.ਆਰ. ਅੰਬੇਦਕਰ ਭਵਨਾਂ ਦੀ ਉਸਾਰੀ ਅਤੇ ਉਨ੍ਹਾਂ ਦੇ ਸੰਚਾਲਨ ਲਈ।

126. ਭਾਰਤ ਦੇ ਯੋਜਨਾਬੰਦੀ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰਾਜ ਵਿਚ ਅਨੁਸੂਚਿਤ ਜਾਤੀ ਵਸੋਂ ਦੀ ਫ਼ੀਸਦ ਦੇ ਬਰਾਬਰ ਯੋਜਨਾ ਉਪਬੰਧ ਦਾ 29 ਫ਼ੀਸਦ ਅਨੁਸੂਚਿਤ ਜਾਤੀ ਉਪ-ਯੋਜਨਾ (ਐਸ.ਸੀ.ਐਸ.ਪੀ.) ਲਈ ਰਾਖਵਾਂ ਕੀਤਾ ਗਿਆ ਹੈ। ਸਾਲਾਨਾ ਯੋਜਨਾ 2013-14 ਵਿਚ ਕੁੱਲ 16123 ਕਰੋੜ ਰੁਪਏ ਦੀ ਰਕਮ ਵਿਚੋਂ 4653 ਕਰੋੜ ਰੁਪਏ ਐਸ.ਸੀ.ਐਸ.ਪੀ. ਲਈ ਰਾਖਵੇਂ ਕੀਤੇ ਗਏ ਹਨ। ਬੁਨਿਆਦੀ ਢਾਂਚਾ ਪੱਖੀ ਸਕੀਮਾਂ ਤੋਂ ਭਿੰਨ, ਲਾਭਕਾਰੀ ਪੱਖੀ ਸਕੀਮਾਂ ਅਧੀਨ ਖਰਚ ਅਨੁਸੂਚਿਤ ਜਾਤੀ ਵਸੋਂ ਨੂੰ ਸਿੱਧੇ ਰੂਪ ਵਿਚ ਲਾਭ ਪਹੁੰਚਾਉਂਦੇ ਹਨ।

## ਗ੍ਰਿਹ

127. ਰੈਪਿਡ ਰੂਰਲ ਪੁਲਿਸ ਰਿਸਪੋਂਸ ਸਿਸਟਮ-ਸਾਡੀ ਸਰਕਾਰ ਪੂਰੇ ਦੇਸ਼ ਵਿੱਚ ਪਹਿਲਾਂ ਰੈਪਿਡ ਰੂਰਲ ਪੁਲਿਸ ਰਿਸਪੋਂਸ ਸਿਸਟਮ ਸ਼ੁਰੂ ਕਰੇਗੀ। (ਥੰਪਿੰਗ) ਇਸ ਸਿਸਟਮ ਦੇ ਤਹਿਤ ਦੂਰ ਤੋਂ ਦੂਰ ਪਿੰਡਾਂ ਵਿੱਚ ਇਕ ਟੈਲੀਫੋਨ ਕਰਨ ਤੇ 20 ਮਿੰਟ ਤੋਂ ਪਹਿਲਾਂ ਪਹਿਲਾਂ ਪੁਲਿਸ ਸਹਾਇਤਾ ਲਈ ਪਹੁੰਚੇਗੀ।(ਥੰਪਿੰਗ) ਰਾਜ ਸਰਕਾਰ ਅਪਰਾਧਾਂ ਦੀ ਰੋਕਥਾਮ ਅਤੇ ਪੁਲਿਸ ਪਬਲਿਕ ਸਬੰਧਾਂ ਵਿਚ ਸੁਧਾਰ ਲਿਆਉਣ ਲਈ ਹੇਠ ਲਿਖੇ ਕਦਮ ਚੁੱਕੇਗੀ:-

ਸੁਰੱਖਿਅਤ ਸ਼ਹਿਰ- ਸਾਲ 2013-14 ਵਿਚ ਅੰਮ੍ਰਿਤਸਰ ਅਤੇ ਲੁਧਿਆਣਾ ਸੇਫ਼ ਸਿਟੀ ਪ੍ਰੋਜੈਕਟ ਅਧੀਨ ਲਿਆਂਦੇ ਜਾਣਗੇ।(ਥੰਪਿੰਗ) 'ਸੁਰੱਖਿਅਤ ਸ਼ਹਿਰ' ਦਾ ਸਿਧਾਂਤ ਇਕ ਸਮੁੱਚਾ ਸੁਰੱਖਿਆ ਸਮਾਧਾਨ ਹੈ ਜਿਸ ਵਿਚ ਮੌਜੂਦਾ ਸੁਰੱਖਿਆ ਤੈਨਾਤੀ ਦੇ ਨਾਲ ਅਪਰਾਧਕ ਅਤੇ ਅੱਤਵਾਦ ਗਤੀਵਿਧੀਆਂ ਨਾਲ ਪ੍ਰਭਾਵਿਤ ਖੇਤਰਾਂ ਦੀ ਮੈਪਿੰਗ (ਨਿਸ਼ਾਨਦੇਹੀ), ਸੂਚਨਾ ਤਕਨੀਕ ਦਾ ਏਕੀਕਰਣ ਅਤੇ ਜਾਣਕਾਰੀ ਸ਼ਾਮਲ ਹਨ। ਇਸ ਵਿਚ ਸੈਂਕੜੇ ਸੀ.ਸੀ.ਟੀ.ਵੀ. ਕੈਮਰੇ, ਵੱਖ-ਵੱਖ ਸੈਂਸਰ, ਆਟੋਮੈਟਿਕ ਲਾਈਸੈਂਸ ਪਲੇਟ ਰੀਡਰਜ਼ (ਏ.ਐਲ.ਪੀ.ਆਰ) ਅਤੇ ਹੋਰ ਉਪਕਰਣ ਲਗਾਏ ਜਾਣੇ ਸ਼ਾਮਲ ਹਨ। ਇਹ ਸਿਧਾਂਤ ਮੁੱਢ ਤੋਂ ਹੀ ਯੋਜਨਾਬੰਦੀ ਅਤੇ ਵਿਉਂਤਕਾਰੀ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਪੱਧਰ ਤੇ ਸਮਾਜ ਦੇ ਮੈਂਬਰਾਂ ਦੀ ਸ਼ਮੂਲੀਅਤ ਦੀ ਮਹੱਤਤਾ ਨੂੰ ਸਮਝਦਾ ਹੈ। ਇਸ ਪ੍ਰਾਜੈਕਟ ਤੇ ਲਗਭਗ 135 ਕਰੋੜ ਰੁਪਏ ਦਾ ਖਰਚ ਆਵੇਗਾ।(ਥੰਪਿੰਗ)

**ਨਾਈਟ ਪੁਲਿਸਿੰਗ–** ਸਰਕਾਰ ਸਾਲ 2013-14 ਵਿਚ ਆਪਣੇ ਨਾਗਰਿਕਾਂ ਦੇ ਬਚਾਓ ਅਤੇ ਸੁਰੱਖਿਆ ਵਿਚ ਸੁਧਾਰ ਲਿਆਉਣ ਲਈ ਸਮੁੱਚੇ ਰਾਜ ਵਿਚ 'ਨਾਈਟ ਪੁਲਿਸਿੰਗ' ਆਰੰਭ ਕਰਨ ਦੀ ਯੋਜਨਾ ਬਣਾ ਰਹੀ ਹੈ। (ਥੰਪਿੰਗ) ਪੁਲਿਸ ਬਲ ਦੇ ਇਕ ਹਿੱਸੇ ਨੂੰ ਕੌਮੀ ਸ਼ਾਹ ਮਾਰਗਾਂ, ਰਾਜ ਮਾਰਗਾਂ, ਕਾਰਪੋਰੇਸ਼ਨ ਕਸਬਿਆਂ ਅਤੇ ਹੋਰ ਪ੍ਰਮੁੱਖ ਕਸਬਿਆਂ ਵਿਚ ਰਾਤ ਦੀ ਗਸ਼ਤ ਲਈ ਨਿਯੁਕਤ ਕੀਤਾ ਜਾਵੇਗਾ। ਇਸ ਪ੍ਰਾਜੈਕਟ ਲਈ ਲਗਭਗ 1000 ਦੁਪਹੀਆ ਵਾਹਨ ਅਤੇ 700 ਮੋਟਰ ਗੱਡੀਆਂ ਦੀ ਲੋੜ ਹੋਵੇਗੀ। ਇਸ ਤੇ ਲਗਭਗ 10 ਕਰੋੜ ਰੁਪਏ ਦਾ ਖਰਚ ਆਵੇਗਾ।

**ਗ਼ੈਰ ਮਾਰੂ ਹਥਿਆਰ–** ਅਮਨ ਅਤੇ ਕਾਨੂੰਨ ਦੀ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਪੁਲਿਸ, ਭੀੜ ਨਾਲ ਘੱਟ ਤੋਂ ਘੱਟ ਬਲ ਪ੍ਰਯੋਗ ਅਤੇ ਫੱਟੜ ਕੀਤੇ ਬਿਨਾਂ ਕਾਬੂ ਕਰਨ ਅਤੇ ਕਾਨੂੰਨ ਵਿਵਸਥਾ ਕਾਇਮ ਕਰਨ ਲਈ ਆਪਣੇ ਦੰਗਾ ਵਿਰੋਧੀ ਪੁਲਿਸ ਦੇ ਦੋ ਦਸਤਿਆਂ ਅਤੇ ਜ਼ਿਲ੍ਹਾ ਪੁਲਿਸ ਨੂੰ ਗ਼ੈਰ ਮਾਰੂ ਹਥਿਆਰ ਉਪਲਬਧ ਕਰਵਾਏਗੀ। ਇਸ ਤੋਂ ਇਲਾਵਾ ਭੀੜ ਨੂੰ ਖਿੰਡਾਉਣ ਲਈ ਪੁਲਿਸ ਪ੍ਰਭਾਵਸ਼ਾਲੀ ਸਰੀਰਕ ਕਵਚ ਅਤੇ ਲੋੜੀਂਦੇ ਸਾਧਨਾਂ ਨਾਲ ਪੂਰੀ ਤਰ੍ਹਾਂ ਸੁਰੱਖਿਅਤ ਹੋਵੇਗੀ। ਇਸ ਵਿਚ ਨਾਨ-ਲੀਥਲ 12 ਬੋਰ ਪੰਪ ਐਕਸ਼ਨ ਰਾਈਫਲ (ਰਬੜ ਬੁਲਟਸ), ਜਲ ਤੋਪਾਂ, ਵਜ੍ਰ ਗੱਡੀਆਂ, ਪੌਲੀਕਾਰਬੋਨੇਟ ਡਾਂਗਾਂ, ਪੌਲੀਕਾਰਬੋਨੇਟ ਢਾਲਾਂ, ਲੋਹ ਟੋਪ ਅਤੇ ਸਰੀਰਕ ਕਵਚ ਨਾਲ ਹੈਲਮਟ ਸ਼ਾਮਲ ਹੈ। ਇਸ ਉਤੇ ਲਗਭਗ 13 ਕਰੋੜ ਰੁਪਏ ਦਾ ਖਰਚ ਆਵੇਗਾ।

**ਸਾਂਝ ਕੇਂਦਰ–** ਸਾਂਝ ਪ੍ਰਾਜੈਕਟ ਸਮਾਜ ਦੇ ਝਗੜਿਆਂ ਅਤੇ ਵਿਵਾਦਾਂ ਨੂੰ ਭਾਈਚਾਰਕ ਭਾਈਵਾਲੀ ਨਾਲ ਸੁਲਝਾਉਣ ਦੇ ਮੰਤਵ ਨਾਲ ਉਲੀਕਿਆ ਗਿਆ ਸੀ। ਇਹ 20 ਮਹੱਤਵਪੂਰਨ ਸੇਵਾਵਾਂ ਪ੍ਰਦਾਨ ਕਰਨ ਲਈ ਕੇਂਦਰਾਂ ਵਜੋਂ ਕਾਰਜਸ਼ੀਲ ਹਨ, ਉਪ ਡਵੀਜ਼ਨਲ ਪੱਧਰ ਤੇ 87 ਕੇਂਦਰਾਂ ਦੀ ਉਸਾਰੀ ਪਹਿਲਾਂ ਹੀ ਹੋ ਚੁੱਕੀ ਹੈ ਅਤੇ 8 ਉਸਾਰੀ ਅਧੀਨ ਹਨ। ਪੁਲਿਸ ਸਟੇਸ਼ਨ ਪੱਧਰ ਤੇ 50 ਆਧੁਨਿਕ ਸਾਂਝ ਕੇਂਦਰ ਇਮਾਰਤਾਂ ਦੀ ਉਸਾਰੀ ਹੋ ਚੁੱਕੀ ਹੈ ਅਤੇ 31 ਉਸਾਰੀ ਅਧੀਨ ਹਨ। ਅਜਿਹੇ 147 ਕੇਂਦਰਾਂ ਦੀ ਉਸਾਰੀ ਪੁਲਿਸ ਸਟੇਸ਼ਨ ਪੱਧਰ ਤੇ ਜਿੱਥੇ ਜ਼ਮੀਨ ਉਪਲਬਧ ਹੋਵੇ, ਕਰਨ ਦੀ ਲੋੜ ਹੈ। ਇਨ੍ਹਾਂ ਦੀ ਉਸਾਰੀ ਤੇ 14.11 ਕਰੋੜ ਰੁਪਏ ਦਾ ਖਰਚ ਆਵੇਗਾ।

128. ਉਕਤ ਸਾਰੇ 4 ਪ੍ਰਾਜੈਕਟਾਂ ਤੇ 180 ਕਰੋੜ ਰੁਪਏ ਦਾ ਖਰਚ ਆਵੇਗਾ। ਮੌਜੂਦਾ ਸਾਲ 2013-14 ਲਈ 40 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ ਅਤੇ ਬਕਾਇਆ ਰਕਮ ਆਉਣ ਵਾਲੇ ਸਾਲਾਂ ਵਿਚ ਪੁਲਿਸ ਆਧੁਨਿਕੀਕਰਣ ਫੰਡ ਵਿਚੋਂ ਉਪਲਬਧ ਕਰਵਾਈ ਜਾਵੇਗੀ।

## ਸੁਰੱਖਿਆ ਸੇਵਾਵਾਂ ਭਲਾਈ

129. ਸਾਲਾਨਾ ਯੋਜਨਾ 2013-14 ਵਿਚ 26 ਕਰੋੜ ਰੁਪਏ ਦਾ ਖਰਚਾ ਮਖ਼ਸੂਸ ਕੀਤਾ ਗਿਆ ਹੈ। ਮੁੱਖ ਮਖ਼ਸੂਸੀਆਂ ਇਸ ਤਰ੍ਹਾਂ ਹਨ:-

- 5 ਕਰੋੜ ਰੁਪਏ - ਨਵੇਂ/ਪੁਰਾਣੇ ਸੈਨਿਕ ਰੈਸਟ ਹਾਊਸਾਂ ਦੀ ਉਸਾਰੀ/ਮੁਰੰਮਤ ਲਈ।
- 5 ਕਰੋੜ ਰੁਪਏ - ਲੁਧਿਆਣਾ ਵਿਖੇ ਮਹਾਰਾਜਾ ਰਣਜੀਤ ਸਿੰਘ ਜੰਗੀ ਮਿਊਜ਼ੀਅਮ ਲਈ।
- 5 ਕਰੋੜ ਰੁਪਏ - ਅੰਮ੍ਰਿਤਸਰ ਵਿਖੇ ਜੰਗੀ ਯਾਦਗਾਰ ਦੀ ਸਥਾਪਨਾ ਲਈ।
- 4 ਕਰੋੜ ਰੁਪਏ - ਸਾਬਕਾ ਫੌਜੀਆਂ ਅਤੇ ਹੋਰਾਂ ਦੇ ਬੱਚਿਆਂ ਦੀ ਪੂਰਵ-ਭਰਤੀ ਟ੍ਰੇਨਿੰਗ ਲਈ।
- 2.5 ਕਰੋੜ ਰੁਪਏ - ਆਈ.ਐਮ.ਏ.ਐਨ.ਡੀ.ਏ.ਕੈਡਟਾਂ ਲਈ ਪ੍ਰੇਰਕ (1 ਲੱਖ ਰੁਪਏ ਪ੍ਰਤੀ ਕੈਡਟ ਦੇ ਹਿਸਾਬ ਨਾਲ)
- 2 ਕਰੋੜ ਰੁਪਏ - ਸ਼ਹੀਦਾਂ/ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ।
- 2 ਕਰੋੜ ਰੁਪਏ - ਪੰਜਾਬ ਡਿਫ਼ੈਂਸ ਰਿਲੀਫ਼ ਫ਼ੰਡ ਲਈ।

130. ਰਾਜ ਸਰਕਾਰ ਨੇ ਪਿਛਲੇ ਦੋ ਸਾਲਾਂ ਦੌਰਾਨ ਕ੍ਰਮਵਾਰ 6500 ਅਤੇ 7500 ਸਾਬਕਾ ਫੌਜੀਆਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਹੈ ਅਤੇ ਆਉਣ ਵਾਲੇ ਸਾਲ ਵਿਚ 8000 ਸਾਬਕਾ ਫੌਜੀਆਂ ਨੂੰ ਰੋਜ਼ਗਾਰ ਉਪਲਬਧ ਕਰਵਾਉਣ ਦਾ ਟੀਚਾ ਹੈ। ਮੁਹਾਲੀ, ਬਠਿੰਡਾ ਅਤੇ ਗੁਰਦਾਸਪੁਰ ਵਿਖੇ ਪੈਸਕੋ (ਪੰਜਾਬ ਸਾਬਕਾ ਫੌਜੀ ਕਾਰਪੋਰੇਸ਼ਨ) ਵਲੋਂ 3054 ਵਿਦਿਆਰਥੀਆਂ ਨੂੰ ਵੱਖ-ਵੱਖ ਕੋਰਸਾਂ ਵਿਚ ਟ੍ਰੇਨਿੰਗ ਦਿੱਤੀ ਗਈ ਸੀ ਅਤੇ ਸਾਲ 2013-14 ਵਿਚ 3600 ਵਿਦਿਆਰਥੀਆਂ ਨੂੰ ਸਿਖਲਾਈ ਮੁਹੱਈਆ ਕਰਵਾਉਣ ਦਾ ਟੀਚਾ ਹੈ। ਸ਼ਹੀਦਾਂ/ਸੈਨਿਕਾਂ ਦੀਆਂ ਵਿਧਵਾਵਾਂ ਨੂੰ ਮਕਾਨ/ਪਲਾਟ ਖਰੀਦਣ ਲਈ 5.00 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ।

131. ਪੰਜਾਬ ਦੇ ਸ਼ਹੀਦਾਂ/ਯੋਧਿਆਂ ਦੇ ਸਨਮਾਨ ਵਜੋਂ ਅੰਮ੍ਰਿਤਸਰ ਵਿਖੇ 10 ਕਰੋੜ ਰੁਪਏ ਦੀ ਲਾਗਤ ਨਾਲ ਇਕ ਨਵਾਂ ਵਿਸ਼ਵ ਪੱਧਰੀ ਜੰਗੀ ਸਮਾਰਕ ਸਥਾਪਿਤ ਕੀਤੇ ਜਾਣ ਦੀ ਤਜਵੀਜ਼ ਹੈ, ਜਿਸ ਵਿਚ 6 ਗੈਲਰੀਆਂ ਸਥਾਪਤ ਕੀਤੀਆਂ ਜਾਣਗੀਆਂ। ਸਾਲਾਨਾ ਯੋਜਨਾ 2013-14 ਵਿਚ ਇਸ ਕਾਰਜ ਲਈ 5.00 ਕਰੋੜ ਰੁਪਏ ਦਾ ਖਰਚ ਉਪਲਬਧ ਕੀਤਾ ਗਿਆ ਹੈ।

132. ਸੈਨਿਕਾਂ ਦੇ ਯੋਗਦਾਨ ਅਤੇ ਉਨ੍ਹਾਂ ਦੇ ਮਹਾਨ ਸੇਵਾ ਨੂੰ ਮੱਦੇ ਨਜ਼ਰ ਰੱਖਦੇ ਹੋਏ ਮੈਂ ਸਾਬਕਾ ਫੌਜੀਆਂ ਨੂੰ ਹੇਠ ਦਿੱਤੇ ਲਾਭਾਂ ਦੀ ਘੋਸ਼ਣਾ ਕਰਦਾ ਹਾਂ:-

- 65 ਸਾਲ ਦੀ ਉਮਰ ਤੋਂ ਵੱਧ ਦੇ ਦੂਜੇ ਵਿਸ਼ਵ ਯੁੱਧ ਦੇ ਸਾਬਕਾ ਫੌਜੀਆਂ ਜਾਂ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਉਨ੍ਹਾਂ ਦੀਆਂ ਵਿਧਵਾਵਾਂ, ਜੋ ਕਿ ਕਿਸੀ ਹੋਰ ਸ੍ਰੋਤ ਤੋਂ ਸਹਾਇਤਾ ਜਾਂ ਕੋਈ ਪੈਨਸ਼ਨ ਪ੍ਰਾਪਤ ਨਹੀਂ ਕਰ ਰਹੇ, ਨੂੰ 1000/- ਰੁਪਏ ਤੋਂ ਵਧਾ ਕੇ 2000/- ਰੁਪਏ ਵਿੱਤੀ ਸਹਾਇਤਾ ਦਿੱਤੀ ਜਾਵੇਗੀ। (ਥੰਪਿੰਗ)

- ਉਨ੍ਹਾਂ ਸੈਨਿਕਾਂ ਦੇ ਮਾਂ-ਪਿਉ ਨੂੰ ਜਿਨ੍ਹਾਂ ਨੇ 1962, 1965 ਅਤੇ 1971 ਦੀ ਜੰਗ ਵਿਚ ਸੇਵਾ ਕੀਤੀ ਸੀ, ਨੂੰ ਸਾਲਾਨਾ ਜੰਗੀ ਜਾਗੀਰ ਦੇ 5000/- ਰੁਪਏ ਨੂੰ ਵਧਾ ਕੇ 10,000/- ਰੁਪਏ ਪ੍ਰਤੀ ਸਾਲ ਅਰਥਾਤ ਦੁੱਗਣਾ ਕਰ ਦਿੱਤਾ ਜਾਵੇਗਾ। (ਥੰਪਿੰਗ)
- ਬਹਾਦਰੀ ਪੁਰਸਕਾਰ ਜੇਤੂਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ 50 ਲੱਖ ਰੁਪਏ ਦੀ ਰਾਸ਼ੀ ਕਾਰਪਸ ਫੰਡ ਵਜੋਂ ਦਿੱਤੀ ਗਈ ਹੈ।
- ਪੰਜਾਬ ਡਿਫ਼ੈਂਸ ਰਿਲੀਫ਼ ਫ਼ੰਡ ਕਈ ਉੱਤਮ ਵਿਦਿਅਕ ਸੰਸਥਾਵਾਂ ਅਤੇ ਅਕਾਦਮੀਆਂ ਚਲਾ ਰਿਹਾ ਹੈ ਅਤੇ ਸਾਬਕਾ ਫ਼ੌਜੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਬਹੁਤ ਸਾਰੀਆਂ ਭਲਾਈ ਸਕੀਮਾਂ ਵੀ ਅਮਲ ਵਿਚ ਲਿਆ ਰਿਹਾ ਹੈ। ਇਸ ਫ਼ੰਡ ਨੂੰ ਰਾਜ ਸਰਕਾਰ ਵੱਲੋਂ ਕੋਈ ਸਹਾਇਤਾ ਪ੍ਰਾਪਤ ਨਹੀਂ ਹੋ ਰਹੀ, ਉਨ੍ਹਾਂ ਦੀਆਂ ਵੱਡੇ ਪੱਧਰ ਤੇ ਕਾਰਗੁਜ਼ਾਰੀਆਂ ਨੂੰ ਦੇਖਦੇ ਹੋਏ ਪਹਿਲੀ ਵਾਰ ਸਾਲ 2013-14 ਦੇ ਬਜਟ ਵਿਚ 2 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ।
- ਬਹਾਦਰੀ ਇਨਾਮਾਂ ਅਰਥਾਤ ਪਰਮਵੀਰ ਚੱਕਰ, ਮਹਾਂਵੀਰ ਚੱਕਰ, ਵੀਰ ਚੱਕਰ, ਅਸ਼ੋਕ ਚੱਕਰ, ਕਿਰਤੀ ਚੱਕਰ ਅਤੇ ਸ਼ੌਰਿਆ ਚੱਕਰ ਵਜੋਂ ਦਿੱਤੀ ਜਾ ਰਹੀ ਸਾਲਾਨਾ ਰਾਸ਼ੀ ਵਿਚ 20 ਫੀਸਦ ਦਾ ਵਾਧਾ ਕੀਤਾ ਜਾਵੇਗਾ।

## ਸਰਹੱਦੀ ਖੇਤਰ

133. ਰਾਜ ਸਰਕਾਰ ਲਗਾਤਾਰ ਉਨ੍ਹਾਂ ਕਿਸਾਨਾਂ ਦੇ ਮਾਮਲੇ ਦੇ ਪੱਖ ਵਿਚ ਦਲੀਲਾਂ ਦੇ ਰਹੀ ਹੈ ਜਿਨ੍ਹਾਂ ਦੀ ਜ਼ਮੀਨ ਸਰਹੱਦੀ ਵਾੜ੍ਹ ਦੇ ਪਾਰ ਸਥਿਤ ਹੈ ਅਤੇ ਉਨ੍ਹਾਂ ਦੀ ਫਸਲਾਂ ਦੀ ਵਾਹੀ ਵਿਚ ਉਨ੍ਹਾਂ ਤੇ ਲਗਾਈਆਂ ਗਈਆਂ ਵੱਖ-ਵੱਖ ਬੰਦਿਸ਼ਾਂ ਦੇ ਸਬੰਧ ਵਿਚ ਭਾਰਤ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕਰ ਰਹੀ ਹੈ।ਇਸ ਵਿਚ ਲਗਭਗ 19000 ਏਕੜ ਜ਼ਮੀਨ ਸ਼ਾਮਿਲ ਹੈ ਅਤੇ ਰਾਜ ਸਰਕਾਰ ਪ੍ਰਤੀ ਸਾਲ 10,000/- ਰੁਪਏ ਪ੍ਰਤੀ ਏਕੜ ਦੀ ਦਰ ਨਾਲ ਮੁਆਵਜ਼ੇ ਦੀ ਗ੍ਰਾਂਟ ਲਈ ਮੰਗ ਕਰ ਰਹੀ ਹੈ। ਹਾਲਾਂਕਿ ਭਾਰਤ ਸਰਕਾਰ ਵੱਲੋਂ ਅਜਿਹੀ ਕਿਸੇ ਮਦਦ ਦੀ ਘੋਸ਼ਣਾ ਨਹੀਂ ਕੀਤੀ ਗਈ ਹੈ। ਅਸੀਂ ਭਾਰਤ ਸਰਕਾਰ ਨਾਲ ਉੱਚ ਪੱਧਰ ਤੇ ਮੁਆਵਜ਼ੇ ਦੇ ਮੁੱਦੇ ਨੂੰ ਲਗਾਤਾਰ ਉਠਾਉਂਦੇ ਰਹਾਂਗੇ। ਮੈਂ ਇਨ੍ਹਾਂ ਕਿਸਾਨਾਂ ਨੂੰ 3000/- ਰੁਪਏ ਪ੍ਰਤੀ ਏਕੜ ਸਾਲਾਨਾ ਦੀ ਦਰ ਨਾਲ ਮੁਆਵਜ਼ੇ ਦੀ ਘੋਸ਼ਣਾ ਕਰਦਾ ਹਾਂ। (ਥੰਪਿੰਗ) ਇਸ ਮੰਤਵ ਲਈ 2013-14 ਦੇ ਬਜਟ ਵਿਚ 6 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਗਈ ਹੈ।

134. ਸਰਹੱਦੀ ਖੇਤਰ ਵਿਕਾਸ ਪ੍ਰੋਗਰਾਮ ਅਧੀਨ ਸਾਲ 2013-14 ਲਈ ਸਿੱਖਿਆ,

ਸਿਹਤ, ਖੇਤੀਬਾੜੀ ਅਤੇ ਸਬੰਧੀ ਬੁਨਿਆਦੀ ਢਾਂਚੇ ਅਤੇ ਸਮਾਜਿਕ ਖੇਤਰਾਂ ਨਾਲ ਸਬੰਧਤ ਬੁਨਿਆਦੀ ਢਾਂਚੇ ਦੇ ਨਵੀਨੀਕਰਣ ਲਈ 6 ਜ਼ਿਲ੍ਹਿਆਂ ਦੇ 19 ਸਰਹੱਦੀ ਬਲਾਕਾਂ ਲਈ 40 ਕਰੋੜ ਰੁਪਏ ਦੀ ਰਕਮ ਤਜਵੀਜ਼ੀ ਗਈ ਹੈ। ਇਸ ਤੋਂ ਇਲਾਵਾ 13ਵੇਂ ਵਿੱਤ ਕਮਿਸ਼ਨ ਵਲੋਂ ਸਰਹੱਦੀ ਖੇਤਰਾਂ ਵਿਚ ਬਿਜਲੀ, ਸੜਕ ਸੰਪਰਕਤਾ, ਸਿਹਤ ਸਬੰਧੀ ਬੁਨਿਆਦੀ ਢਾਂਚਾ, ਜਲ ਪੂਰਤੀ ਅਤੇ ਸਵੱਛਤਾ ਦੇ ਨਵੀਨੀਕਰਣ ਲਈ 250 ਕਰੋੜ ਰੁਪਏ (2011-15) ਦੀ ਸਹਾਇਤਾ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਵਿਚੋਂ ਸਾਲ 2013-14 ਲਈ 62.50 ਕਰੋੜ ਰੁਪਏ ਦੀ ਤਜਵੀਜ਼ ਕੀਤੀ ਜਾਂਦੀ ਹੈ।

## ਰਾਜ ਪ੍ਰਬੰਧ ਸੁਧਾਰ

135. ਰਾਜ ਸਰਕਾਰ ਨੇ ਸਾਲ 2009 ਵਿਚ ਪੰਜਾਬ ਰਾਜ ਪ੍ਰਬੰਧ ਸੁਧਾਰ ਕਮਿਸ਼ਨ ਨੂੰ, ਆਮ ਲੋਕਾਂ ਵਿਚਕਾਰ ਸਰਕਾਰ ਦੀ ਕਾਰਗੁਜਾਰੀ ਦੇ ਸਬੰਧ ਵਿਚ ਅਕਸਰ ਪ੍ਰਚਲਿਤ ਵਿਸ਼ਵਾਸ ਦੀ ਘਾਟ ਅਤੇ ਵਖਰੇਵੇਂ ਦੇ ਅਹਿਸਾਸ ਨੂੰ ਘਟਾਉਣ ਦੇ ਮਨੋਰਥ ਨਾਲ ਨਿਯੁਕਤ ਕੀਤਾ ਸੀ। ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਤੇ, ਸਮਾਂਬੱਧ ਢੰਗ ਵਿਚ 69 ਸੇਵਾਵਾਂ ਉਪਲਬਧ ਕਰਵਾਉਣ ਲਈ, 2011 ਵਿਚ ਰਾਈਟ ਟੂ ਸਰਵਿਸ ਐਕਟ ਬਣਾਇਆ ਗਿਆ ਸੀ। ਇਸ ਤੋਂ ਇਲਾਵਾ, ਰਾਜ ਵਿਚ ਵੱਖ-ਵੱਖ ਪੁਲਿਸ ਸੇਵਾਵਾਂ ਮੁਹੱਈਆ ਕਰਵਾਉਣ ਲਈ ਦਿੱਤੀਆਂ ਗਈਆਂ ਇਮਾਰਤਾਂ ਵਿਚ 139 ਪੁਲਿਸ ਸਾਂਝ ਕੇਂਦਰਾਂ ਦੀ ਸਥਾਪਨਾ ਕੀਤੀ ਗਈ ਸੀ। ਲੋਕਾਂ ਨੂੰ ਵੱਖ-ਵੱਖ ਕੰਮਾਂ ਜਿਵੇਂ ਕਿ ਐਫ.ਆਈ.ਆਰ. ਦੀਆਂ ਕਾਪੀਆਂ ਲੈਣ ਲਈ, ਦਸਤਾਵੇਜ਼ਾਂ ਦੇ ਤਸਦੀਕੀਕਰਣ ਆਦਿ ਲਈ ਹੁਣ ਪੁਲਿਸ ਸਟੇਸ਼ਨ ਜਾਣ ਦੀ ਲੋੜ ਨਹੀਂ ਪਵੇਗੀ। ਸਾਂਝ ਕੇਂਦਰ ਆਰਥਿਕ ਝਗੜੇ, ਘਰੇਲੂ ਝਗੜਿਆਂ ਅਤੇ ਲੜਾਈ-ਮਤਭੇਦਾਂ ਦੇ ਨਿਪਟਾਰੇ ਲਈ ਫੋਰਮ ਵੀ ਹਨ।

136. ਰਾਸ਼ਟਰੀ ਭੂਮੀ ਰਿਕਾਰਡ ਆਧੁਨਿਕੀਕਰਣ ਪ੍ਰੋਗਰਾਮ ਅਧੀਨ 13,206 ਪਿੰਡਾਂ ਵਿਚੋਂ 12,538 ਪਿੰਡਾਂ ਦੇ ਭੋਂ ਰਿਕਾਰਡ ਦਾ ਕੰਪਿਊਟਰੀਕਰਣ ਕਰ ਦਿੱਤਾ ਗਿਆ ਹੈ। ਭੋਂ ਦਸਤਾਵੇਜਾਂ ਦੀਆਂ ਕੰਪਿਊਟਰੀਕ੍ਰਿਤ ਕਾਪੀਆਂ ਅਤੇ ਹੋਰ ਮਾਲੀਆ ਸੇਵਾਵਾਂ ਉਪਲਬਧ ਕਰਵਾਉਣ ਲਈ 167 ਫਰਦ ਕੇਂਦਰ ਸਥਾਪਿਤ ਕੀਤੇ ਗਏ ਹਨ। ਦੇਰੀ ਅਤੇ ਭ੍ਰਿਸ਼ਟਾਚਾਰ ਨੂੰ ਘਟਾਉਣ ਦੇ ਮੰਤਵ ਨਾਲ ਉਪ-ਰਜਿਸਟਰਾਰਾਂ ਦੇ ਅਧਿਕਾਰਾਂ ਨੂੰ ਸੀਮਤ ਕਰ ਦਿੱਤਾ ਗਿਆ ਹੈ। ਵਿਵਿਧ ਅਪੀਲਾਂ ਅਤੇ ਰਿਵੀਜ਼ਨਾਂ ਦੀ ਰਿਵਾਇਤ ਤੇ ਰੋਕ ਲਗਾਈ ਗਈ ਹੈ। ਰਾਜ ਦੇ ਸਾਰੇ ਜ਼ਿਲ੍ਹਾ ਸਦਰ ਮੁਕਾਮਾਂ ਅਤੇ ਹਰੇਕ ਸਬ-ਡਵੀਜ਼ਨ ਤੇ ਸੁਵਿਧਾ ਕੇਂਦਰਾਂ ਦੀ ਸਥਾਪਨਾ ਕੀਤੀ ਗਈ ਹੈ।

137. ਜਨਮ ਅਤੇ ਮੌਤ ਰਿਕਾਰਡ ਲਈ ਡਾਟਾ ਬੇਸ ਨੂੰ ਸਵੈਚਲਿਤ ਕੀਤਾ ਜਾ ਰਿਹਾ ਹੈ ਅਤੇ ਰਜਿਸਟ੍ਰੇਸ਼ਨ ਪ੍ਰਕ੍ਰਿਆ ਨੂੰ ਸੁਖਾਲਾ ਕੀਤਾ ਗਿਆ ਹੈ। ਟ੍ਰਾਂਸਪੋਰਟ ਵਿਭਾਗ ਵਿਚ, ਡੀਲਰਾਂ ਨੂੰ ਵਾਹਨ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਕਰਨ ਦਾ ਅਖ਼ਤਿਆਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਡ੍ਰਾਈਵਿੰਗ ਲਰਨਰ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਲਾਇਸੰਸ ਜਾਰੀ ਕਰਨ ਦਾ ਅਖ਼ਤਿਆਰ ਦਿੱਤਾ ਗਿਆ ਹੈ। ਇਸ ਦੇ ਨਾਲ-ਨਾਲ ਸਾਰੇ ਵਿਭਾਗਾਂ ਵਿਚ ਈ-ਟੈਂਡਰਿੰਗ ਅਤੇ ਈ-ਪ੍ਰੋਕਿਉਰਮੈਂਟ ਸ਼ੁਰੂ ਕੀਤੀ ਗਈ ਹੈ। ਜੁਲਾਈ, 2011 ਵਿਚ ਕਮਿਸ਼ਨ ਨੂੰ ਸੌਂਪੇ ਗਏ ਕਾਰਜ ਦੀ ਸਮਾਪਤੀ ਉਪਰੰਤ ਇਸ ਨੂੰ ਬੰਦ ਕਰ ਦਿੱਤਾ ਗਿਆ।

138. ਹਾਲਾਂਕਿ ਰਾਜ ਪ੍ਰਬੰਧ ਸੁਧਾਰ ਕਮਿਸ਼ਨ ਵਜੋਂ ਨੇਪਰੇ ਚਾੜ੍ਹੇ ਗਏ ਮਹੱਤਵਪੂਰਨ ਕਾਰਜ ਨੂੰ ਧਿਆਨ ਵਿਚ ਰੱਖਦੇ ਹੋਏ ਰਾਜ ਸਰਕਾਰ ਨੇ ਮਾਰਚ, 2012 ਵਿਚ ਦੂਜਾ ਪੰਜਾਬ ਰਾਜ ਪ੍ਰਬੰਧ ਸੁਧਾਰ ਕਮਿਸ਼ਨ ਨੂੰ ਮੁੜ-ਸਥਾਪਿਤ ਕੀਤਾ ਗਿਆ। ਆਪਣੀ ਇਸ ਨਵੀਂ ਅਵਧੀ ਦੌਰਾਨ ਕਮਿਸ਼ਨ, ਸਿਵਲ ਅਤੇ ਫੌਜਦਾਰੀ ਨਿਆਂ ਪ੍ਰਣਾਲੀ, ਉਦਯੋਗਿਕ ਵਿਕਾਸ ਲਈ ਪ੍ਰਕ੍ਰਿਆਵਾਂ, ਗੈਰ-ਪ੍ਰਵਾਸੀ ਭਾਰਤੀ ਮਾਮਲਿਆਂ ਲਈ ਵਿਨਿਯਮਿਤ ਢਾਂਚਾ, ਸਿਹਤ ਅਤੇ ਮੈਡੀਕਲ ਸਿੱਖਿਆ, ਸਿੱਖਿਆ, ਤਕਨੀਕੀ ਸਿੱਖਿਆ, ਰੋਜ਼ਗਾਰ ਅਤੇ ਮਾਲੀ ਪ੍ਰਬੰਧ ਦਾ ਵਿਸ਼ਲੇਸ਼ਣ ਕਰੇਗਾ। ਪੀ.ਜੀ.ਆਰ.ਸੀ. ਨੇ ਮੁਹੱਈਆ ਕੀਤੀਆਂ ਜਾਣ ਵਾਲੀਆਂ 69 ਸੇਵਾਵਾਂ ਵਿਚ ਕੁਝ ਹੋਰ ਸੋਧਾਂ ਕਰਨ ਦੀ ਸਿਫ਼ਾਰਿਸ਼ ਕੀਤੀ ਹੈ। ਇਸ ਤੋਂ ਇਲਾਵਾ 87 ਹੋਰ ਨਵੀਆਂ ਸੇਵਾਵਾਂ ਨੂੰ ਸੇਵਾ ਅਧਿਕਾਰ ਐਕਟ ਅਧੀਨ ਸ਼ਾਮਲ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਸਰਕਾਰ ਰਾਜ ਦੇ ਪੇਂਡੂ ਖੇਤਰਾਂ ਵਿਚ ਪੁਲਿਸ ਵਲੋਂ ਪ੍ਰਭਾਵਕਾਰੀ ਅਤੇ ਤੁਰੰਤ ਦਖਲਅੰਦਾਜ਼ੀ ਲਈ ਤੇਜ਼ ਪੇਂਡੂ ਪ੍ਰਤਿਕ੍ਰਿਆ ਪ੍ਰਣਾਲੀ ਦੀ ਸ਼ੁਰੂਆਤ ਨੂੰ ਮਨਜ਼ੂਰੀ ਦੇ ਦਿੱਤੀ ਹੈ।

139. ਰਾਸ਼ਟਰੀ ਈ-ਗਵਰਨੈਂਸ ਪ੍ਰੋਗਰਾਮ ਅਧੀਨ (ਐਨ.ਈ.ਜੀ.ਏ.ਪੀ.) 374 ਦਫ਼ਤਰਾਂ ਨੂੰ ਜੋੜਦੇ ਹੋਏ ਪ੍ਰੈਸੇਂਸ(ਪੀ.ਓ.ਪੀਜ਼) ਦੇ 193 ਪੁਆਇੰਟ ਸਹਿਤ ਸਟੇਟ ਵਾਈਡ ਏਰੀਆ ਨੈਟਵਰਕ (ਪਵਨ) ਕਾਰਜਸ਼ੀਲ ਹੈ। ਆਮ ਜਨਤਾ ਦੀ ਸਹੂਲਤ ਲਈ ਸਰਕਾਰੀ ਸੇਵਾਵਾਂ ਦੇ ਪ੍ਰਸਾਰ ਲਈ 1700 ਕਾਮਨ ਸਰਵਿਸ ਸੈਂਟਰ (ਸੀ.ਐਸ.ਸੀਜ਼) ਖੋਲ੍ਹੇ ਗਏ ਹਨ। ਮੁੱਖ ਈ-ਡਿਸਟ੍ਰਿਕਟ (ਜ਼ਿਲ੍ਹਾ) ਪ੍ਰਾਜੈਕਟ ਲਈ ਦੋ ਜ਼ਿਲ੍ਹੇ ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ ਲਏ ਗਏ ਸਨ। ਇਸ ਸਾਲ ਸਾਰੀਆਂ 47 ਸੇਵਾਵਾਂ ਨੂੰ ਅਮਲੀ ਜਾਮਾ ਪਹਿਨਾਉਣ ਦੇ ਟੀਚੇ ਨਾਲ ਮੌਜੂਦਾ ਸਮੇਂ 12 ਸੇਵਾਵਾਂ ਆਨ ਲਾਈਨ ਚਲ ਰਹੀਆਂ ਹਨ। ਬਾਕੀ ਰਹਿੰਦੇ 20 ਜ਼ਿਲ੍ਹਿਆਂ ਵਿਚ ਪੜਾਅ-ਵਾਰ ਨਾਲ ਇਹ ਪ੍ਰਾਜੈਕਟ ਆਰੰਭ ਕੀਤਾ ਜਾਵੇਗਾ।

140. ਇੰਟੈਗਰੇਟਿਡ ਮੈਨੇਜਮੈਂਟ ਸਿਸਟਮ ਰਾਹੀਂ ਖਜ਼ਾਨਿਆਂ ਅਤੇ ਬਜਟ ਤਿਆਰੀ ਨੂੰ ਕੰਪਿਊਟਰੀਕ੍ਰਿਤ ਕਰ ਦਿੱਤਾ ਗਿਆ ਹੈ। ਸਮੁੱਚੇ ਕਾਰਜ ਪ੍ਰਵਾਹ ਅਤੇ ਦਸਤਾਵੇਜ ਪ੍ਰਬੰਧਨ ਪ੍ਰਣਾਲੀ, ਸਕੱਤਰੇਤ ਕਾਰਜ ਪ੍ਰਣਾਲੀ ਨੂੰ ਕੰਪਿਊਟਰੀਕ੍ਰਿਤ ਕਰਨ ਦੇ ਯਤਨ ਕਰ ਰਿਹਾ ਹੈ। ਸਮਾਰਟ ਕਾਰਡ ਅਧਾਰਤ ਡ੍ਰਾਈਵਿੰਗ ਲਾਇਸੰਸ, ਟੈਕਸ ਰਿਟਰਨਾਂ ਦੀ ਈ-ਫਾਈਲਿੰਗ ਅਤੇ ਵੈਟ ਸੂਚਨਾ ਪ੍ਰਣਾਲੀ ਦਾ ਕੰਪਿਊਟਰੀਕਰਣ ਰਾਜ ਦੇ ਕੁਝ ਹੋਰ ਮਹੱਤਵਪੂਰਨ ਆਈ.ਟੀ. ਪ੍ਰਾਜੈਕਟ ਹਨ। ਸਾਲ 2013-14 ਲਈ ਰਾਜ ਪ੍ਰਬੰਧ ਸੁਧਾਰ ਲਈ 39 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

## ਆਧਾਰ ਅਤੇ ਸਿੱਧੀ ਨਕਦੀ ਤਬਦੀਲੀ

141. ਰਾਜ ਸਰਕਾਰ, ਸਮੁੱਚੀ ਵਸੋਂ ਨੂੰ ਵਿਸ਼ੇਸ਼ ਸ਼ਨਾਖਤੀ ਨੰਬਰ ਉਪਲਬਧ ਕਰਵਾਉਣ ਲਈ ਭਾਰਤ ਸਰਕਾਰ ਦੇ ਆਧਾਰ ਪ੍ਰੋਗਰਾਮ ਦੀ ਸਫ਼ਲਤਾ ਪੂਰਵਕ ਤਾਮੀਲ ਕਰ ਰਹੀ ਹੈ। ਪਹਿਲੇ ਪੜਾਅ ਅਧੀਨ ਕੁੱਲ 2.77 ਕਰੋੜ ਜਨਸੰਖਿਆ ਵਿਚੋਂ 1.59 ਕਰੋੜ ਨਿਵਾਸੀਆਂ ਦਾ ਨਾਂ ਦਰਜ ਕਰ ਲਿਆ ਗਿਆ ਹੈ। ਕੁਝ ਜ਼ਿਲ੍ਹਿਆਂ ਵਿਚ ਨਾਂ ਸੂਚੀਬੱਧ ਕਰਨ ਦਾ ਕੰਮ 84 ਫ਼ੀਸਦ ਤੱਕ ਰਿਹਾ ਹੈ। ਭਾਰਤ ਸਰਕਾਰ ਨੇ 3 ਪਾਇਲਟ ਜ਼ਿਲ੍ਹਿਆਂ-ਗੁਰਦਾਸਪੁਰ, ਫਤਿਹਗੜ੍ਹ ਸਾਹਿਬ ਅਤੇ ਸ਼ਹੀਦ ਭਗਤ ਸਿੰਘ ਨਗਰ ਵਿਚ ਸਿੱਧੀ ਨਕਦੀ ਤਬਦੀਲੀ ਲਈ 34 ਸਕੀਮਾਂ ਦੀ ਚੋਣ ਕੀਤੀ ਹੈ। ਇਸ ਦੇ ਨਾਲ ਨਾਲ ਸਾਰੇ 22 ਜ਼ਿਲ੍ਹਿਆਂ ਵਿਚ ਵਿਸ਼ੇਸ਼ ਸ਼ਨਾਖਤੀ ਨੰਬਰ ਦੇ ਨਾਮਾਂਕਣ ਦੇ ਦੂਜੇ ਪੜਾਅ ਦੀ ਪ੍ਰਕ੍ਰਿਆ ਪ੍ਰਗਤੀ ਅਧੀਨ ਹੈ।

142. ਮੈਨੂੰ ਇਹ ਦੱਸਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਸਾਡੀ ਸਰਕਾਰ ਵੱਲੋਂ ਵਪਾਰਕ ਬੈਂਕਾਂ ਦੀ ਸਹਾਇਤਾ ਨਾਲ ਲਾਭਪਾਤਰੀਆਂ ਨੂੰ ਪੈਨਸ਼ਨਾਂ ਦੀ ਅਦਾਇਗੀ ਉਨ੍ਹਾਂ ਦੇ ਘਰ ਪਹੁੰਚਾਉਣ ਲਈ ਇਲੈਕਟ੍ਰਾਨਿਕ ਬੈਨੀਫਿਟ ਟਰਾਂਸਫਰਜ਼ (ਈ.ਬੀ.ਟੀ.) ਸਕੀਮ ਸ਼ੁਰੂ ਕੀਤੀ ਗਈ ਹੈ। ਇਹ ਸਕੀਮ ਲੁਧਿਆਣਾ ਜ਼ਿਲ੍ਹੇ ਦੇ (ਸਮਰਾਲਾ), ਮੁਕਤਸਰ, ਮੋਗਾ ਅਤੇ ਫਾਜ਼ਿਲਕਾ ਵਿਖੇ ਚਲ ਰਹੀ ਹੈ। ਰਾਜ ਯੂ.ਆਈ.ਡੀ. ਲਈ ਇਕ ਨਿਸ਼ਚਿਤ ਪ੍ਰੋਗਰਾਮ ਦੁਆਰਾ ਸਾਰੇ ਲਾਭਪਾਤਰੀਆਂ ਨੂੰ ਰਾਜ ਸਕੀਮਾਂ ਤਹਿਤ ਦਰਜ ਕਰ ਰਿਹਾ ਹੈ ਅਤੇ ਉਨ੍ਹਾਂ ਦੇ ਖ਼ਾਤਿਆਂ ਨੂੰ ਆਧਾਰ ਸਹਾਈ ਬਣਾਇਆ ਗਿਆ ਹੈ। ਇਸ ਨਾਲ ਸਮਾਜਿਕ ਸੁਰੱਖਿਆ ਸਕੀਮਾਂ ਵਿਚ ਸੰਭਵ ਜਾਅਲਸਾਜ਼ੀ ਅਤੇ ਬਹਿਰੂਪੀਏਪਨ ਨੂੰ ਖ਼ਤਮ ਕੀਤਾ ਜਾ ਸਕੇਗਾ ਅਤੇ ਗਲਤ ਲਾਭਪਾਤਰੀਆਂ ਦਾ ਪਤਾ ਲਗਾਇਆ ਜਾਵੇਗਾ।

*11.48 ਵਜੇ ਪੂਰਵ ਦੁਪਹਿਰ — (*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

## ਕਰ ਤਜਵੀਜ਼ਾਂ

ਮਾਨਯੋਗ ਸਪੀਕਰ ਸਾਹਿਬ, ਮੈਂ ਹੁਣ ਕਰ ਤਜਵੀਜ਼ਾਂ ਪੇਸ਼ ਕਰਦਾ ਹੈ:-

143. ਕੁਝ ਵਸਤਾਂ ਜੋ ਬੱਚੇ, ਸੀਨੀਅਰ ਸਿਟੀਜ਼ਨ ਅਤੇ ਗਰੀਬ ਲੋਕ ਵਰਤਦੇ ਹਨ, ਉਨ੍ਹਾਂ ਨੂੰ ਵੈਟ ਤੋਂ ਛੋਟ ਦੇਣ ਦੀ ਤਜਵੀਜ਼ ਹੈ। (ਥੰਪਿੰਗ) ਸਾਫਟ ਡਰਿੰਕਸ ਅਤੇ ਸਿਗਰੇਟ ਦੋ ਅਜਿਹੀਆਂ ਵਸਤਾਂ ਹਨ, ਜਿਨ੍ਹਾਂ ਦੇ ਉਪਰ ਟੈਕਸ ਵਧਾਉਣ ਦੀ ਤਜਵੀਜ਼ ਹੈ।

- ਬੱਚੇ- ਸਕੂਲ ਬੈਗ, ਪੈਨਸਲਾਂ, ਰਬੜਾਂ, ਸ਼ਾਰਪਨਰਜ਼, ਜੁਮੈਟਰੀ ਬਾਕਸ, ਕਲਰਜ਼ ਅਤੇ ਕਰੇਆਨਜ਼, ਵਾਟਰ ਬੋਤਲਾਂ, ਫੀਡਿੰਗ ਬੋਤਲਾਂ ਅਤੇ ਨਿੱਪਲਾਂ ਤੇ ਇਸ ਸਮੇਂ 5.5 ਫ਼ੀਸਦ ਦੇ ਹਿਸਾਬ ਨਾਲ ਵੈਟ ਲਗਦਾ ਹੈ। ਇਹ ਵਸਤਾਂ ਆਮ ਕਰਕੇ ਬੱਚਿਆਂ ਵੱਲੋਂ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਤੇ ਮੈਂ ਵੈਟ 5.5 ਫ਼ੀਸਦ ਦੀ ਦਰ ਤੋਂ ਘਟਾ ਕੇ ਜੀਰੋ ਫ਼ੀਸਦ ਕਰਨਾ ਚਾਹੁੰਦਾ ਹਾਂ। (ਥੰਪਿੰਗ)

- **ਸੀਨੀਅਰ ਸਿਟੀਜਨ** - ਸੀਨੀਅਰ ਸਿਟੀਜਨ ਨੇ ਆਪਣੀ ਪੂਰੀ ਜ਼ਿੰਦਗੀ

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

ਸਮਾਜ ਵਿੱਚ ਸੇਵਾ ਕੀਤੀ। ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਕੁਝ ਸਹੂਲਤਾਂ ਦਿੱਤੀਆਂ ਜਾਣ। ਹੇਅਰਿੰਗ ਏਡ, ਇੰਟਰਾ ਓ-ਕੁਲਰ ਲੈਨਜ਼, ਸਟਿੱਕਸ ਅਤੇ ਚੱਲਣ ਵਿਚ ਸਹਾਰਾ ਦੇਣ ਵਾਲੀਆਂ ਦੂਸਰੀਆਂ ਵਸਤਾਂ, ਜਿਨ੍ਹਾਂ ਤੇ ਇਸ ਸਮੇਂ 5.5 ਫ਼ੀਸਦ ਦੀ ਦਰ ਨਾਲ ਵੈਟ ਲਗਦਾ ਹੈ, ਨੂੰ ਘਟਾ ਕੇ ਜੀਰੋ ਫ਼ੀਸਦ ਕਰਨ ਦੀ ਤਜਵੀਜ਼ ਹੈ। (ਥੰਪਿੰਗ)

- **ਗਰੀਬ** - ਗਰੀਬ ਲੋਕਾਂ ਨੂੰ ਇਸ ਮਹਿੰਗਾਈ ਦੇ ਸਮੇਂ ਵਿੱਚ ਘਰ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਹੋ ਗਿਆ ਹੈ। ਉਨ੍ਹਾਂ ਵੱਲੋਂ ਘਰੇਲੂ ਚੀਜ਼ਾਂ ਜਿਵੇਂ ਕਿ ਮਧਾਣੀ, ਚੱਕਲਾ ਵੇਲਣਾ, ਨਿੰਬੂ ਨਿਚੋੜ, ਕੰਘਾ, ਹੇਅਰ ਪਿੰਨ, ਹੇਅਰ ਕਲਿੱਪ, ਕਹੀ ਦਸਤਾ, ਦਰੀ, ਝਾੜੂ, ਪਾਵਾ, ਛੋਟਾ ਟੋਕਾ, ਡੂਨੇ ਅਤੇ ਪੱਤਲ ਜਿਨ੍ਹਾਂ ਤੇ ਇਸ ਸਮੇਂ 5 ਫ਼ੀਸਦ ਦੀ ਦਰ ਨਾਲ ਵੈਟ ਲਗਦਾ ਹੈ, ਨੂੰ ਘਟਾ ਕੇ ਜੀਰੋ ਫ਼ੀਸਦ ਕਰਨ ਦੀ ਤਜਵੀਜ਼ ਹੈ। (ਥੰਪਿੰਗ)

- **ਸਾਫ਼ਟ ਡਰਿੰਕਸ** - ਰਾਜ ਵਿਚ ਸਾਫ਼ਟ ਡਰਿੰਕਸ ਦੀ ਸਾਲਾਨਾ ਵਿਕਰੀ ਲਗਭਗ 1000 ਕਰੋੜ ਰੁਪਏ ਹੈ। ਇਨ੍ਹਾਂ ਦੀ ਵਰਤੋਂ ਵਧੇਰੇ ਕਰਕੇ ਸਰਦੇ-ਪੁਜਦੇ ਪਰਿਵਾਰਾਂ ਵੱਲੋਂ ਕੀਤੀ ਜਾਂਦੀ ਹੈ ਅਤੇ ਇਸ ਨੂੰ ਪੀਣ ਵਾਲਿਆਂ ਨੂੰ ਸਿਹਤ ਸਬੰਧੀ ਕੋਈ ਫ਼ਾਇਦਾ ਨਹੀਂ ਹੁੰਦਾ। ਮੈਂ ਇਨ੍ਹਾਂ ਉਪਰ ਵੈਟ ਕਰ ਮੌਜੂਦਾ 13 ਫ਼ੀਸਦ ਤੋਂ ਵਧਾ ਕੇ 20.5 ਫ਼ੀਸਦ ਕਰਨ ਦੀ ਤਜਵੀਜ਼ ਕਰਦਾ ਹਾਂ। ਇਸ ਨਾਲ ਰਾਜ ਕੋਸ਼ ਨੂੰ ਹਰ ਸਾਲ 80 ਕਰੋੜ ਰੁਪਏ ਦੀ ਵਧੀਕ ਮਾਲ ਆਮਦਨ ਹੋਵੇਗੀ।

- **ਸਿਗਰਟਾਂ** - ਸਿਗਰਟਾਂ ਅਤੇ ਹੋਰ ਤੰਬਾਕੂ ਉਤਪਾਦਾਂ ਦੀ ਵਰਤੋਂ ਭਿਆਨਕ ਬੀਮਾਰੀਆਂ ਜਿਵੇਂ ਕਿ ਕੈਂਸਰ, ਦਿਲ ਦੀਆਂ ਬੀਮਾਰੀਆਂ ਆਦਿ ਦਾ ਮੁੱਖ ਕਾਰਨ ਹਨ। ਸਰਵੇਖਣਾਂ ਤੋਂ ਇਹ ਸਾਹਮਣੇ ਆਇਆ ਹੈ ਕਿ ਇਨ੍ਹਾਂ ਵਸਤਾਂ ਤੇ 10 ਫ਼ੀਸਦ ਕਰ ਵਾਧੇ ਨੇ ਇਨ੍ਹਾਂ ਵਸਤਾਂ ਦੀ ਖਪਤ ਵਿਚ 4 ਫ਼ੀਸਦ ਤੋਂ 8 ਫ਼ੀਸਦ ਤਕ ਦੀ ਕਮੀ ਲਿਆਂਦੀ ਹੈ। ਪੰਜਾਬ ਸਰਕਾਰ ਨੇ ਪਹਿਲਾਂ ਹੀ ਰਾਜ ਵਿਚ ਗੁਟਕੇ ਦੀ ਵਿਕਰੀ ਅਤੇ ਖਪਤ ਉਪਰ ਰੋਕ ਲਗਾ ਦਿੱਤੀ ਹੈ। ਮੌਜੂਦਾ ਸਮੇਂ ਸਿਗਰਟਾਂ ਉਪਰ 20.5 ਫ਼ੀਸਦ ਦੀ ਦਰ ਨਾਲ ਵੈਟ ਵਸੂਲ ਕੀਤਾ ਜਾਂਦਾ ਹੈ। 400 ਕਰੋੜ ਰੁਪਏ ਦੀਆਂ ਸਿਗਰਟਾਂ ਦੀ ਸਾਲਾਨਾ ਵਿਕਰੀ ਤੇ ਲਗਭਗ 80 ਕਰੋੜ ਰੁਪਏ ਵੈਟ ਦੀ ਸਾਲਾਨਾ ਵਸੂਲੀ ਹੁੰਦੀ ਹੈ। ਕੁਝ ਰਾਜਾਂ ਨੇ ਸਿਗਰਟਾਂ ਤੇ ਵੈਟ ਦਰਾਂ ਵਿਚ ਨਿੱਗਰ ਵਾਧਾ ਕੀਤਾ ਹੈ। ਮੈਂ 1.4.2013 ਤੋਂ ਸਿਗਰਟਾਂ ਉਤੇ ਵੈਟ 20.5 ਫ਼ੀਸਦ ਤੋਂ ਵਧਾ ਕੇ 50 ਫ਼ੀਸਦ ਕਰਨ ਸਮੇਤ 10 ਫ਼ੀਸਦ ਵਧੀਕ ਸਰਚਾਰਜ ਵਸੂਲ ਕਰਨ ਦੀ ਤਜਵੀਜ਼ ਪੇਸ਼ ਕਰਦਾ ਹਾਂ। (ਥੰਪਿੰਗ) ਰਾਜ ਸਰਕਾਰ ਇਨ੍ਹਾਂ ਵਸਤਾਂ ਤੋਂ ਲੱਗਭਗ 100 ਕਰੋੜ ਰੁਪਏ ਦੀ ਵਧੀਕ ਆਮਦਨ ਪ੍ਰਾਪਤ ਕਰੇਗੀ ਜੋ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਸਥਾਪਤ ਕੀਤੇ ਜਾ ਰਹੇ ਨਸ਼ਾ-ਛੁਡਾਉਣ ਫ਼ੰਡ ਤੇ ਕੈਂਸਰ ਫੰਡ ਵਿਚ ਜਾਏਗੀ।

144. **ਸਵੈ-ਇੱਛਤ ਸਕੀਮ** - ਆਬਕਾਰੀ ਤੇ ਕਰ ਵਿਭਾਗ ਸਾਲ 2013-14 ਲਈ ਵੈਟ

ਆਬਕਾਰੀ ਮਹਿਸੂਲ ਲਈ ਸਵੈ-ਇੱਛਤ ਪਾਲਣਾ ਸਕੀਮ ਦੀ ਘੋਸ਼ਣਾ ਕਰੇਗਾ। ਇਹ ਸਰਕਾਰ ਨੂੰ ਦੇਣਯੋਗ ਬਕਾਇਆਂ ਦੀ ਵੱਡੀ ਰਕਮ ਦੀ ਵਸੂਲੀ ਵਿਚ ਸਹਾਇਤਾ ਕਰੇਗੀ। ਇਸ ਦੇ ਵੇਰਵੇ ਵੱਖਰੇ ਵੱਖਰੇ ਰੂਪ ਵਿਚ ਤਿਆਰ ਕੀਤੇ ਜਾਣਗੇ ਅਤੇ ਸਾਲ ਦੌਰਾਨ ਅਧਿਸੂਚਿਤ ਕੀਤੇ ਜਾਣਗੇ।

## ਮੀਡੀਆ

145. ਪ੍ਰਸਿੱਧ ਪੱਤਰਕਾਰਾਂ ਲਈ 5 ਲੱਖ ਰੁਪਏ ਦੀ ਬੀਮਾ ਕਵਰ ਨੀਤੀ ਸਾਲ 2010 ਤੋਂ ਹੀ ਅਮਲ ਅਧੀਨ ਹੈ। ਇਹ ਲਗਭਗ 4000 ਪੀਲੇ ਕਾਰਡ ਧਾਰਕਾਂ ਵਾਲੇ ਸਾਰੇ ਸੰਵਾਦਾਤਾਵਾਂ ਨੂੰ ਕਵਰ ਕਰਨ ਲਈ ਵਿਸਤਾਰੀ ਜਾਵੇਗੀ। (ਥੰਪਿੰਗ)

## ਬਜਟ ਅਨੁਮਾਨ-2013-14

146. ਸ਼੍ਰੀਮਾਨ ਸਪੀਕਰ ਸਾਹਿਬ, ਮੈਂ ਹੁਣ ਇਸ ਅਜ਼ੀਮ ਸਦਨ ਸਾਹਮਣੇ ਵਿੱਤੀ ਸਾਲ 2013-14 ਲਈ ਬਜਟ ਅਨੁਮਾਨ ਪੇਸ਼ ਕਰਦਾ ਹਾਂ, ਜੋ ਹੇਠ ਲਿਖੇ ਅਨੁਸਾਰ ਹਨ:-

## ਬਜਟ - ਇਕ ਝਾਤ

147. ਸਾਲ 2013-14 ਲਈ ਕੁੱਲ ਬਜਟ ਆਕਾਰ 69,051.78 ਕਰੋੜ ਰੁਪਏ ਹੈ। ਹਾਲਾਂਕਿ ਵਾਸਤਵਿਕ ਬਜਟ ਦਾ ਆਕਾਰ 56,051.78 ਕਰੋੜ ਰੁਪਏ ਹੈ, ਕਿਉਂ ਜੋ ਉਕਤ ਰਕਮ ਵਿਚ ਮੌਜੂਦਾ ਸਾਲ ਦੇ ਉਪਾਅ ਅਤੇ ਸਾਧਨਾਂ ਪ੍ਰਤੀ 13,000 ਕਰੋੜ ਰੁਪਏ ਦਾ ਬਜਟ ਉਪਬੰਧ ਸ਼ਾਮਲ ਹੈ। ਸਾਲ ਦਾ ਆਰੰਭ 420.25 ਕਰੋੜ ਰੁਪਏ ਦੇ ਮਨਫ਼ੀ ਬਕਾਏ ਤੋਂ ਹੁੰਦਾ ਹੈ। ਕੁੱਲ ਪ੍ਰਾਪਤੀਆਂ 66,760.14 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ। ਸਾਲ 2013-14 ਦੇ ਅੰਤ ਤੇ ਅੰਤਮ ਬਕਾਇਆ (-) 460.21 ਕਰੋੜ ਰੁਪਏ ਹੋਵੇਗਾ। ਇਸ ਦਾ ਵੇਰਵਾ ਨਿਮਨ ਅਨੁਸਾਰ ਹੈ:-

(ਕਰੋੜਾਂ ਵਿਚ)

| ਲੜੀ ਨੰ: | ਮੱਦ | 2012-13 ਸੋਧੇ ਅਨੁਮਾਨ | 2013-14 ਬਜਟ ਅਨੁਮਾਨ |
|---|---|---|---|
| | ਆਰੰਭਿਕ ਬਕਾਇਆ | (-) 730 | (-) 420 |
| 1 | **ਸੰਚਿਤ ਫੰਡ** | | |
| | **ਪ੍ਰਾਪਤੀਆਂ** | 61,274 | 66,760 |
| | (ੳ) ਮਾਲ ਆਮਦਨ ਪ੍ਰਾਪਤੀਆਂ | 39,269 | 42,666 |
| | (ਅ) ਪੂੰਜੀਗਤ ਪ੍ਰਾਤੀਆਂ | | |
| | 1. ਜਨਤਕ ਕਰਜ਼ੇ ਤੋਂ ਵਸੂਲੀਆਂ* | 21,866* | 23,954* |
| | 2. ਕਰਜ਼ੇ ਅਤੇ ਪੇਸ਼ਗੀਆਂ ਤੋਂ ਵਸੂਲੀ | 139 | 140 |

[ ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ ]

| | | | |
|---|---|---|---|
| | **ਖਰਚ** | 63,464 | 69,052 |
| | (ੳ) ਮਾਲ ਆਮਦਨ ਖਰਚ | 44,028 | 44,412 |
| | 1. ਵਿਕਾਸ ਖਰਚ | 24,436 | 24,628 |
| | 2. ਗੈਰ ਵਿਕਾਸ ਖਰਚ | 19,591 | 19,785 |
| | (ਅ) ਪੂੰਜੀਗਤ ਲਾਗਤ | 4,528 | 7,283 |
| | 1. ਵਿਕਾਸ ਖਰਚ | 4,089 | 5,993 |
| | 2. ਗੈਰ ਵਿਕਾਸ ਖਰਚ | 439 | 1,290 |
| | (ੲ) ਜਨਤਕ ਕਰਜ ਦੀ ਆਦਾਇਗੀ* | 14,662* | 16,988* |
| | (ਸ) ਕਰਜ਼ੇ ਅਤੇ ਪੇਸ਼ਗੀਆਂ ਦੀ ਵੰਡ | 247 | 368 |
| 2. | **ਅਚੇਤ ਫੰਡ** | – | – |
| 3. | **ਜਨਤਕ ਲੇਖਾ (ਨਿਰੋਲ)** | **2,500** | **2,252** |
| | ਅੰਤਿਮ ਬਕਾਇਆ | (–) 420 | (–)460 |

* ਉਪਾਅ ਤੇ ਸਾਧਨ/ਓਵਰ ਡਰਾਫਟ ਵਿਚ ਪ੍ਰਾਪਤੀਆਂ ਅਤੇ ਅਦਾਇਗੀਆਂ ਕਾਰਨ ਸਾਲ 2012-13 (ਸੋਧੇ ਅਨੁਮਾਨ) ਲਈ 11,000 ਕਰੋੜ ਰੁਪਏ ਅਤੇ ਸਾਲ 2013-14 (ਬਜਟ ਅਨੁਮਾਨ) ਲਈ 13,000 ਕਰੋੜ ਰੁਪਏ ਦੀ ਰਕਮ ਸ਼ਾਮਲ ਹੈ।

**2292 ਕਰੋੜ ਰੁਪਏ ਦੀਆਂ ਪ੍ਰਾਪਤੀਆਂ ਤੋਂ ਵੱਧ ਦਾ ਖਰਚ ਜਨਤਕ ਲੇਖੇ (2252 ਕਰੋੜ) ਅਤੇ ਅੰਤਮ ਬਕਾਏ (ਨਿਰੋਲ 40 ਕਰੋੜ ਤੋਂ ਪੂਰਾ ਕੀਤਾ ਜਾਣਾ ਹੈ।**

## ਸਿੱਟਾ

ਮਾਨਯੋਗ ਸਪੀਕਰ ਸਾਹਿਬ

148. ਅੱਜ ਪੇਸ਼ ਕੀਤਾ ਗਿਆ ਇਹ ਬਜਟ 13ਵੇਂ ਵਿੱਤ ਕਮਿਸ਼ਨ ਦੀਆਂ ਵਿੱਤੀ ਦਿਸ਼ਾ ਨਿਰਦੇਸ਼ਾਂ ਦੀ ਅਨੁਸਾਰਤਾ ਵਿਚ ਹੈ। ਮੈਂ ਇਕ ਅਜਿਹਾ ਬਜਟ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਜੋ ਸੰਤੁਲਿਤ, ਵਿਕਾਸ ਪੱਖੀ ਅਤੇ ਭਲਾਈ ਮੁਖੀ ਹੈ। ਸਾਡੀ ਸਰਕਾਰ ਪੰਜਾਬ ਵਾਸੀਆਂ ਦੀ ਸੇਵਾ ਲਈ ਵਚਨਬੱਧ ਹੈ ਅਤੇ ਆਪਣੇ ਸਾਰੇ ਵਾਅਦੇ ਪੂਰੇ ਕਰ ਰਹੀ ਹੈ। ਸਰਕਾਰੀ ਫੈਸਲਿਆਂ ਦੇ ਸਫਲ ਲਾਗੂਕਰਨ ਲਈ ਮੈਂ ਇਸ ਅਜ਼ੀਮ ਸਦਨ ਦੇ ਸਤਿਕਾਰਤ ਮੈਂਬਰਾਂ ਵੱਲੋਂ ਰਚਨਾਤਮਕ ਵਿਚਾਰਾਂ ਅਤੇ ਪੰਜਾਬੀ ਸਮਾਜ ਦੇ ਹਰ ਵਰਗ ਤੋਂ ਸਹਿਯੋਗ ਦੀ ਆਸ ਕਰਦਾ ਹਾਂ। 16,123 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਦੇ ਵਿੱਤ ਲਈ ਹੋਰ ਸ੍ਰੋਤਾਂ ਦੀ ਲੋੜ ਪਵੇਗੀ। ਅਸੀਂ ਇਸ ਦੀ

ਪੂਰਤੀ ਫਾਲਤੂ ਖਰਚਿਆਂ ਵਿਚ ਕਟੌਤੀ, ਹੋਰ ਕਠੋਰ ਮਾਪਦੰਡ ਅਪਣਾਉਣ, ਬਿਹਤਰ ਕਰ ਪ੍ਰਬੰਧਨ ਅਤੇ ਕਰ ਪਾਲਣਾ ਕਰਨ ਦੀ ਤਜਵੀਜ਼ ਰੱਖਦੇ ਹਾਂ।

149. ਸ਼੍ਰੀਮਾਨ ਜੀਓ, ਮੈਂ ਤਹਿ ਦਿਲੋਂ ਸਾਡੇ ਬਹੁਤ ਹੀ ਹਰਮਨ ਪਿਆਰੇ ਮੁੱਖ ਮੰਤਰੀ, ਪੰਜਾਬ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਅਤੇ ਸਾਡੇ ਬਹੁਤ ਹੀ ਗਤੀਸ਼ੀਲ ਉਪ ਮੁੱਖ ਮੰਤਰੀ, ਪੰਜਾਬ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦਾ ਉਨ੍ਹਾਂ ਵੱਲੋਂ ਦਿੱਤੀ ਯੋਗ ਅਗਵਾਈ ਅਤੇ ਵੱਡਮੁੱਲੇ ਸੁਝਾਵਾਂ ਲਈ ਧੰਨਵਾਦ ਕਰਦਾ ਹਾਂ।ਪੰਜਾਬ ਆਪਣੇ ਵਸਨੀਕਾਂ ਦੇ ਵਿਕਾਸ ਅਤੇ ਖੁਸ਼ਹਾਲੀ ਪ੍ਰਤੀ ਵਚਨਬੱਧ ਸੁਨਿਹਰੀ ਭਵਿੱਖ ਵੱਲ ਨਿਰੰਤਰ ਵਧ ਰਿਹਾ ਹੈ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਰਾਜ ਆਰਥਕ ਔਕੜਾਂ ਤੇ ਜਿੱਤ ਪ੍ਰਾਪਤ ਕਰਦੇ ਹੋਏ ਇਕ ਵਾਰ ਫਿਰ ਦੇਸ਼ ਭਰ ਵਿਚ ਨੰਬਰ ਇਕ ਸੂਬਾ ਬਣੇਗਾ। ਕੇਵਲ ਬਹਾਦਰ ਅਤੇ ਹਿੰਮਤੀ ਲੋਕ ਹੀ ਆਪਣੀਆਂ ਮੰਜ਼ਲਾਂ ਸਰ ਕਰਦੇ ਹਨ।

150. ਸਪੀਕਰ ਸਾਹਿਬ, ਮੈਂ ਤੁਹਾਡਾ ਅਤੇ ਆਪਣੇ ਸਤਿਕਾਰਤ ਕੈਬਨਿਟ ਸਹਿਯੋਗੀਆਂ ਅਤੇ ਇਸ ਅਜ਼ੀਮ ਸਦਨ ਦੇ ਸਾਰੇ ਮੈਂਬਰਾਂ ਦਾ ਉਨ੍ਹਾਂ ਦੇ ਕੀਮਤੀ ਸੁਝਾਵਾਂ ਲਈ ਵੀ ਧੰਨਵਾਦ ਕਰਦਾ ਹਾਂ।

151. ਮੈਂ, ਪ੍ਰਮੁੱਖ ਸਕੱਤਰ, ਵਿੱਤ ਅਤੇ ਯੋਜਨਾਬੰਦੀ ਅਤੇ ਉਨ੍ਹਾਂ ਦੀ ਵਿੱਤ ਅਤੇ ਯੋਜਨਾਬੰਦੀ ਵਿਭਾਗ ਦੇ ਅਫਸਰਾਂ ਦੀ ਟੀਮ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਸਾਲ 2013-14 ਦੇ ਬਜਟ ਅਤੇ ਸਾਲਾਨਾ ਯੋਜਨਾ ਨੂੰ ਰੂਪ ਰੇਖਾ ਦਿੱਤੀ ਗਈ ਹੈ।

152. ਅੰਤ ਵਿਚ, ਮੈਂ ਦਿਲ ਦੀਆਂ ਗਹਿਰਾਈਆਂ ਤੋਂ ਨਿਮਰਤਾ ਸਹਿਤ ਇਸ ਅਜ਼ੀਮ ਸਦਨ ਦੇ ਸਮੂਹ ਸਤਿਕਾਰਤ ਮੈਂਬਰਾਂ ਅਤੇ ਸੂਬੇ ਦੇ ਦਲੇਰ ਅਤੇ ਮਿਹਨਤਕਸ਼ ਲੋਕਾਂ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਆਪਣੇ ਆਪ ਨੂੰ ਪੁਨਰ ਸਮਰਪਿਤ ਕਰ ਕੇ, ਇਕਜੁੱਟ ਹੋ ਕੇ ਕੰਮ ਕਰੀਏ ਅਤੇ ਪੰਜਾਬ ਨੂੰ ਭਾਰਤ ਦਾ ਸਭ ਤੋਂ ਖੁਸ਼ਹਾਲ ਸੂਬਾ ਬਣਾਈਏ।

153. ਸ਼੍ਰੀਮਾਨ ਜੀਓ, ਮੈਂ ਇਨ੍ਹਾਂ ਸ਼ਬਦਾਂ ਨਾਲ ਇਸ ਮਹਾਨ ਸਦਨ ਵਿਚ ਸਾਲ 2013-14 ਲਈ 69,052 ਕਰੋੜ ਰੁਪਏ ਦਾ ਬਜਟ ਅਤੇ 16123 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਪ੍ਰਵਾਨਗੀ ਲਈ ਪੇਸ਼ ਕਰਦਾ ਹਾਂ। ਧੰਨਵਾਦ ।

**ਜੈ ਹਿੰਦ** (ਥੰਪਿੰਗ)

**ਮਾਨਯੋਗ ਸਪੀਕਰ :** ਹੁਣ ਸਦਨ ਵੀਰਵਾਰ, ਮਿਤੀ 21 ਮਾਰਚ, 2013 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

*12.04 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਵੀਰਵਾਰ, ਮਿਤੀ 21 ਮਾਰਚ 2013 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।)

--------

## ਵਿਸ਼ਾ ਸਾਰਣੀ


| ਕ੍ਰਮ ਨੰ: | ਆਈਟਮ | ਪੰਨਾ | ਕ੍ਰਮ ਨੰ: | ਆਈਟਮ | ਪੰਨਾ |
|---|---|---|---|---|---|
| 1. | ਅਰਥਚਾਰਾ | 18 | 18. | ਰੁਜ਼ਗਾਰ ਸਿਰਜਣ | 51 |
| 2. | ਰਾਜ ਵਿੱਤ | 19 | 19. | ਖੇਡਾਂ ਅਤੇ ਯੁਵਾ ਸੇਵਾਵਾਂ | 52 |
| 3. | ਯੋਜਨਾ ਤਜਵੀਜ਼ਾਂ | 29 | 20. | ਕਿਰਤ | 54 |
| 4. | ਖੇਤੀਬਾੜੀ | | 21. | ਸਿਹਤ | 54 |
| 5. | ਪੇਂਡੂ ਵਿਕਾਸ | 29 | 22. | ਮੈਡੀਕਲ ਸਿੱਖਿਆ | 59 |
| 6. | ਜਲ ਸਪਲਾਈ ਅਤੇ ਸਵੱਛਤਾ | 35 | 23. | ਸ਼ਹਿਰੀ ਵਿਕਾਸ | 60 |
| 7. | ਸਿੰਜਾਈ | 36 | 24. | ਸਮਾਜਿਕ ਸੁਰੱਖਿਆ | 61 |
| 8. | ਬਿਜਲੀ | 37 | 25. | ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਜਾਤੀਆਂ ਦੀ ਭਲਾਈ | 64 |
| 9. | ਉਦਯੋਗ | 40 | 26. | ਗ੍ਰਹਿ | 65 |
| 10. | ਰੋਡ ਟ੍ਰਾਂਸਪੋਰਟ | 41 | 27. | ਸੁਰੱਖਿਆ ਸੇਵਾਵਾਂ ਭਲਾਈ | 67 |
| 11. | ਬੁਨਿਆਦੀ ਢਾਂਚਾ | 43 | 28. | ਸਰਹੱਦੀ ਖੇਤਰ | 68 |
| 12. | ਸ਼ਹਿਰੀ ਹਵਾਬਾਜ਼ੀ | 44 | 29. | ਰਾਜ ਪ੍ਰਬੰਧ ਸੁਧਾਰ | 69 |
| 13. | ਸੈਰ ਸਪਾਟਾ ਅਤੇ ਸੱਭਿਆਚਾਰ | 44 | 30. | ਸਿੱਧੀ ਨਕਦੀ ਤਬਦੀਲੀ | 71 |
| 14. | ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ | 45 | 31. | ਕਰ ਤਜਵੀਜ਼ਾਂ | 71 |
| 15. | ਸਿੱਖਿਆ | 46 | 32. | ਮੀਡੀਆ | 73 |
| 16. | ਉਚੇਰੀ ਸਿੱਖਿਆ | 49 | 33. | ਬਜਟ ਅਨੁਮਾਨ 2013-14 | 73 |
| 17. | ਤਕਨੀਕੀ ਸਿੱਖਿਆ | 50 | 34. | ਸਿੱਟਾ | 74 |

# APPENDIX

# TO

# PUNJAB VIDHAN SABHA

# DEBATES

**Wednesday, the 20th March, 2013**

**Vol. IV - No. 7**

## STARRED QUESTIONS AND ANSWERS

### ਸਿਹਤ ਕੇਂਦਰਾਂ ਵਿੱਚ ਖਾਲੀ ਅਸਾਮੀਆਂ ਨੂੰ ਭਰਨਾ

***572. ਸਰਦਾਰ ਜੋਗਿੰਦਰ ਸਿੰਘ ਜਿੰਦੂ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ –

(ੳ) ਸਿਵਲ ਹਸਪਤਾਲ, ਫਿਰੋਜ਼ਪੁਰ ਸ਼ਹਿਰ, ਕਮਿਊਨਿਟੀ ਹੈਲਥ ਸੈਂਟਰ, ਫਿਰੋਜ਼ਸ਼ਾਹ, ਪ੍ਰਾਇਮਰੀ ਹੈਲਥ ਸੈਂਟਰ, ਮਮਦੋਟ ਅਤੇ ਰੂਰਲ ਡਿਸਪੈਂਸਰੀ, ਮੁਦੱਕੀ, ਜ਼ਿਲ੍ਹਾ ਫਿਰੋਜ਼ਪੁਰ ਵਿੱਚ ਡਾਕਟਰਾਂ (ਲੇਡੀ ਡਾਕਟਰਾਂ ਸਮੇਤ) ਅਤੇ ਹੋਰ ਵੱਖ-ਵੱਖ ਕੈਟੇਗਰੀਆਂ ਦੇ ਸਪੋਰਟਿੰਗ ਸਟਾਫ ਦੀਆਂ ਕੁੱਲ ਕਿੰਨੀਆਂ-ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ਅਤੇ ਉਨ੍ਹਾਂ ਵਿੱਚੋਂ ਖਾਲੀ ਅਸਾਮੀਆਂ ਦੇ ਵੇਰਵੇ ਕੀ ਹਨ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਅਸਾਮੀਆਂ ਕਿੰਨੇ ਸਮੇਂ ਵਿੱਚ ਭਰ ਦਿੱਤੀਆਂ ਜਾਣਗੀਆਂ?

**ਸ਼੍ਰੀ ਮਦਨ ਮੋਹਨ ਮਿੱਤਲ :** ਸ਼੍ਰੀਮਾਨ ਜੀ, (ੳ) ਇਨ੍ਹਾਂ ਸਿਹਤ ਸੰਸਥਾਵਾਂ ਦੀਆਂ ਮਨਜ਼ੂਰਸ਼ੁਦਾ ਅਤੇ ਖਾਲੀ ਅਸਾਮੀਆਂ ਦੀ ਸੂਚਨਾ ਨੱਥੀ ਹੈ ਜੀ।

(ਅ) ਮੈਡੀਕਲ ਅਫ਼ਸਰ (ਐਮ.ਬੀ.ਬੀ.ਐਸ.) ਦੀਆਂ ਅਸਾਮੀਆਂ ਦੀ ਭਰਤੀ ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਵੱਲੋਂ ਕੀਤੀ ਜਾ ਰਹੀ ਹੈ। ਮੈਡੀਕਲ ਅਫ਼ਸਰ (ਸਪੈਸ਼ਲਿਸਟ) ਦੀ ਭਰਤੀ ਵਿਭਾਗ ਵੱਲੋਂ ਹਰ ਮਹੀਨੇ ਵਾਕ-ਇਨ-ਇੰਟਰਵਿਊ ਕਰਕੇ ਕੀਤੀ ਜਾ ਰਹੀ ਹੈ। ਪੈਰਾ-ਮੈਡੀਕਲ ਸਟਾਫ ਦੀ ਭਰਤੀ ਦੀ ਪ੍ਰਕ੍ਰਿਆ ਲਗਭਗ ਮੁਕੰਮਲ ਹੋ ਚੁੱਕੀ ਹੈ ਪਰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਭਰਤੀ ਪ੍ਰਕ੍ਰਿਆ ਤੇ ਰੋਕ ਲਗਾਈ ਗਈ ਹੈ।

## ਸਿਵਲ ਹਸਪਤਾਲ, ਫਿਰੋਜ਼ਪੁਰ ਵਿੱਚ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ

| ਲੜੀ ਨੰ: | ਸ਼੍ਰੇਣੀ | ਮਨਜ਼ੂਰਸ਼ੁਦਾ ਪੋਸਟਾਂ | ਭਰੀਆਂ | ਖਾਲੀ ਪੋਸਟਾਂ | ਵਿਸ਼ੇਸ਼ ਕਥਨ |
|---|---|---|---|---|---|
| 1. | ਸੀਨੀਅਰ ਮੈਡੀਕਲ ਅਫ਼ਸਰ | 1 | 1 | 0 | |
| 2. | ਮੈਡੀਕਲ ਅਫ਼ਸਰ ਸਪੈਸ਼ਲਿਸਟ | 20 | 9 | 11 | |
| 3. | ਮੈਡੀਕਲ ਅਫ਼ਸਰ (ਐਮ.ਬੀ.ਬੀ.ਐਸ.) | 8 | 1 | 7 | |
| 4. | ਮੈਡੀਕਲ ਅਫ਼ਸਰ (ਡੈਂਟਲ) | 1 | 1 | 0 | |
| 5. | ਰੇਡੀਓਗ੍ਰਾਫਰ | 4 | 1 | 3 | |
| 6. | ਸੀਨੀਅਰ ਲੈਬੋਰਟਰੀ ਟੈਕਨੀਸ਼ੀਅਨ | 1 | 0 | 1 | |
| 7. | ਲੈਬੋਰਟਰੀ ਟੈਕਨੀਸ਼ੀਅਨ | 5 | 2 | 3 | |
| 8. | ਚੀਫ ਫਾਰਮਾਸਿਸਟ | 2 | 2 | 0 | |
| 9. | ਫਾਰਮਾਸਿਸਟ | 3 | 3 | 0 | |
| 10. | ਆਪਰੇਸ਼ਨ ਥੀਏਟਰ ਅਸਿਸਟੈਂਟ | 2 | 1 | 1 | |
| 11. | ਨਰਸਿੰਗ ਸਿਸਟਰ | 3 | 3 | 0 | |
| 12. | ਸਟਾਫ ਨਰਸ | 52 | 21 | 31 | |
| 13. | ਡਾਰਕ ਰੂਮ ਅਸਿਸਟੈਂਟ | 1 | 0 | 1 | |
| 14. | ਫਿਜ਼ੀਓਥੈਰੇਪਿਸਟ | 1 | 0 | 1 | |
| 15. | ਸਾਇਕੈਟਰੀ ਸੋਸ਼ਲ ਵਰਕਰ | 1 | 0 | 1 | |
| 16. | ਸੁਪਰਡੰਟ | 1 | 1 | 0 | |
| 17. | ਸੀਨੀਅਰ ਸਹਾਇਕ | 1 | 1 | 0 | |
| 18. | ਅਕਾਊਟੈਂਟ | 1 | 1 | 0 | |
| 19. | ਅੰਕੜਾ ਸਹਾਇਕ | 1 | 0 | 1 | |
| 20. | ਕਲਰਕ | 7 | 6 | 1 | |
| 21. | ਡਰਾਈਵਰ | 2 | 0 | 2 | |
| 22. | ਸੁਪਰਵਾਈਜ਼ਰ ਟੈਕਨੀਸ਼ੀਅਨ | 1 | 1 | 0 | |
| 23. | ਅਥਾਲਮਿਕ ਅਫ਼ਸਰ | 1 | 1 | 0 | |

| | | | | |
|---|---|---|---|---|
| 24. | ਇਲੈਕਟ੍ਰੀਸ਼ਨ | 1 | 0 | 1 |
| 25. | ਕਾਰਪੇਂਟਰ | 1 | 1 | 0 |
| 26. | ਮਾਲੀ | 1 | 1 | 0 |
| 27. | ਧੋਬੀ | 2 | 2 | 0 |
| 28. | ਕੁੱਕ ਕਮ-ਹੈਲਪਰ | 1 | 0 | 1 |
| 29. | ਵਾਰਡ ਸਰਵੈਂਟ | 57 | 43 | 14 |
| 30. | ਸਵੀਪਰ | 22 | 14 | 8 |
| | **ਕੁੱਲ** | **195** | **117** | **78** |

## ਕਮਿਊਨਿਟੀ ਹੈਲਥ ਸੈਂਟਰ, ਫਿਰੋਜ਼ਸ਼ਾਹ, ਜ਼ਿਲ੍ਹਾ ਫਿਰੋਜ਼ਪੁਰ ਵਿੱਚ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ

| ਲੜੀ ਨੰ: | ਸ਼੍ਰੇਣੀ | ਮਨਜ਼ੂਰਸ਼ੁਦਾ ਪੋਸਟਾਂ | ਨਵੀਆਂ ਪੋਸਟਾਂ | ਖਾਲੀ ਪੋਸਟਾਂ |
|---|---|---|---|---|
| 1. | ਸੀਨੀਅਰ ਮੈਡੀਕਲ ਅਫ਼ਸਰ | 1 | 0 | 1 |
| 2. | ਮੈਡੀਕਲ ਅਫ਼ਸਰ (ਸਪੈਸ਼ਲਿਸਟ) | 4 | 4 | 0 |
| 3. | ਮੈਡੀਕਲ ਅਫ਼ਸਰ (ਐਮ.ਬੀ.ਬੀ.ਐਸ.) | 1 | 0 | 1 |
| 4. | ਮੈਡੀਕਲ ਅਫ਼ਸਰ (ਡੈਂਟਲ) | 1 | 1 | 0 |
| 5. | ਬਲਾਕ ਅਕਸਟੈਂਸ਼ਨ ਐਜੂਕੇਟਰ | 1 | 0 | 1 |
| 6. | ਸਟਾਫ ਨਰਸ | 4 | 4 | 0 |
| 7. | ਲੇਡੀ ਹੈਲਥ ਵਿਜ਼ਟਰ | 1 | 1 | 0 |
| 8. | ਰੇਡੀਓਗ੍ਰਾਫਰ | 1 | 1 | 0 |
| 9. | ਲੈਬ ਟੈਕਨੀਸ਼ੀਅਨ ਗਰੇਡ 1 | 1 | 1 | 0 |
| 10. | ਲੈਬ ਟੈਕਨੀਸ਼ੀਅਨ ਗਰੇਡ 2 | 1 | 1 | 0 |
| 11. | ਸੀਨੀਅਰ ਅਸਿਸਟੈਂਟ | 1 | 0 | 1 |
| 12. | ਕਲਰਕ | 1 | 1 | 0 |
| 13. | ਸਟੈਨੋ | 1 | 1 | 0 |
| 14. | ਕੰਪਿਊਟਰ | 1 | 0 | 1 |
| 15. | ਡਰਾਈਵਰ | 2 | 1 | 1 |

| | | | | |
|---|---|---|---|---|
| 16. | ਵਾਰਡ ਅਟੈਂਡੈਂਟ | 6 | 6 | 0 |
| 17. | ਸੇਵਾਦਾਰ | 1 | 1 | 0 |
| 18. | ਸਵੀਪਰ | 2 | 2 | 0 |
| | **ਕੁੱਲ** | **31** | **25** | **6** |

## ਕਮਿਊਨਿਟੀ ਹੈਲਥ ਸੈਂਟਰ, ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ ਵਿੱਚ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ

| ਲੜੀ ਨੰ: | ਸ਼੍ਰੇਣੀ | ਮਨਜ਼ੂਰਸ਼ੁਦਾ ਪੋਸਟਾਂ | ਨਵੀਆਂ ਪੋਸਟਾਂ | ਖਾਲੀ ਪੋਸਟਾਂ |
|---|---|---|---|---|
| 1. | ਸੀਨੀਅਰ ਮੈਡੀਕਲ ਅਫ਼ਸਰ | 1 | 0 | 1 |
| 2. | ਮੈਡੀਕਲ ਅਫ਼ਸਰ (ਸਪੈਸ਼ਲਿਸਟ) | 4 | 1 | 3 |
| 3. | ਮੈਡੀਕਲ ਅਫ਼ਸਰ (ਐਮ.ਬੀ.ਬੀ.ਐਸ.) | 1 | 1 | 0 |
| 4. | ਮੈਡੀਕਲ ਅਫ਼ਸਰ (ਡੈਂਟਲ) | 1 | 1 | 0 |
| 5. | ਚੀਫ ਫਾਰਮਾਸਿਸਟ | 1 | 0 | 1 |
| 6. | ਫਾਰਮਾਸਿਸਟ | 2 | 0 | 2 |
| 7. | ਲੇਡੀ ਹੈਲਥ ਵਿਜ਼ਟਰ | 3 | 3 | 0 |
| 8. | ਲੈਬ ਟੈਕਨੀਸ਼ੀਅਨ | 1 | 1 | 0 |
| 9. | ਰੇਡੀਓਗ੍ਰਾਫਰ | 1 | 0 | 1 |
| 10. | ਸਟਾਫ ਨਰਸ | 7 | 3 | 4 |
| 11. | ਬਲਾਕ ਅਕਸਟੈਂਸ਼ਨ ਐਜੂਕੇਟਰ | 1 | 0 | 1 |
| 12. | ਸੀਨੀਅਰ ਸਹਾਇਕ | 1 | 1 | 0 |
| 13. | ਕਲਰਕ | 2 | 2 | 0 |
| 14. | ਸਟੈਨੋ | 1 | 1 | 0 |
| 15. | ਕੰਪਿਊਟਰ | 1 | 0 | 1 |
| 16. | ਡਰਾਈਵਰ | 2 | 2 | 0 |
| 17. | ਸੇਵਾਦਾਰ | 10 | 9 | 1 |
| 18. | ਸਵੀਪਰ | 5 | 5 | 0 |
| | **ਕੁੱਲ** | **45** | **30** | **15** |

## ਰੂਰਲ ਹਸਪਤਾਲ, ਮੁਦਕੀ, ਜ਼ਿਲ੍ਹਾ ਫਿਰੋਜ਼ਪੁਰ ਵਿੱਚ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ

| ਲੜੀ ਨੰ: | ਸ਼੍ਰੇਣੀ | ਮਨਜ਼ੂਰਸ਼ੁਦਾ ਪੋਸਟਾਂ | ਨਵੀਆਂ ਪੋਸਟਾਂ | ਖਾਲੀ ਪੋਸਟਾਂ |
|---|---|---|---|---|
| 1. | ਮੈਡੀਕਲ ਅਫ਼ਸਰ | 2 | 0 | 2 |
| 2. | ਫਾਰਮਾਸਿਸਟ | 2 | 2 | 0 |
| 3. | ਰੇਡੀਓਗ੍ਰਾਫਰ | 1 | 1 | 0 |
| 4. | ਸਟਾਫ ਨਰਸ | 2 | 2 | 0 |
| 5. | ਲੈਬੋਰਟਰੀ ਟੈਕਨੀਸ਼ੀਅਨ ਗ੍ਰੇਡ 1 | 1 | 1 | 0 |
| 6. | ਕਲਰਕ | 1 | 1 | 0 |
| 7. | ਟਰੇਂਡ ਦਾਈ | 8 | 8 | 0 |
| 8. | ਚੌਂਕੀਦਾਰ | 1 | 1 | 0 |
| 9. | ਸਵੀਪਰ | 3 | 3 | 0 |
| | **ਕੁਲ** | **21** | **19** | **2** |

------

### ਨੈਸ਼ਨਲ ਸਕਿੱਲ ਡਿਵੈਲਪਮੈਂਟ ਮਿਸ਼ਨ ਤਹਿਤ ਕੇਂਦਰੀ ਸਹਾਇਤਾ

***859. ਸ੍ਰੀ ਅਸ਼ਵਨੀ ਸੇਖੜੀ :** ਕੀ ਰੋਜ਼ਗਾਰ ਉਤਪਤੀ ਅਤੇ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੇਂਦਰ ਸਰਕਾਰ ਵੱਲੋਂ ਨੈਸ਼ਨਲ ਸਕਿੱਲ ਡਿਵੈਲਪਮੈਂਟ ਮਿਸ਼ਨ ਤਹਿਤ ਸਰਕਾਰ ਨੂੰ ਹੁਣ ਤੱਕ ਕਿੰਨੀ ਰਕਮ ਪ੍ਰਾਪਤ ਹੋਈ ਹੈ ਅਤੇ ਉਸ ਰਕਮ ਨੂੰ ਸਰਕਾਰ ਨੇ ਕਿਸ ਮੰਤਵ ਲਈ ਵਰਤਿਆ ਹੈ?

**ਸਰਦਾਰ ਅਜੀਤ ਸਿੰਘ ਕੋਹਾੜ :** ਸ਼੍ਰੀਮਾਨ ਜੀ, ਨੈਸ਼ਨਲ ਸਕਿੱਲ ਡਿਵੈਲਪਮੈਂਟ ਮਿਸ਼ਨ ਤਹਿਤ ਰੋਜ਼ਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਵਿਭਾਗ, ਪੰਜਾਬ ਨੂੰ ਕੇਂਦਰ ਸਰਕਾਰ ਵੱਲੋਂ ਕੋਈ ਵਿੱਤੀ ਸਹਾਇਤਾ ਜਾਂ ਫੰਡਜ ਆਦਿ ਪ੍ਰਾਪਤ ਨਹੀਂ ਹੋਏ ਹਨ।

ਰੋਜ਼ਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਵਿਭਾਗ ਵੱਲੋਂ ਗਠਿਤ ਸਟੇਟ ਸਕਿੱਲ ਡਿਵੈਲਪਮੈਂਟ ਮਿਸ਼ਨ ਵੱਲੋਂ ਹੇਠ ਦਰਸਾਈਆਂ ਸੰਸਥਾਵਾਂ ਰਾਹੀਂ ਰਾਜ ਦੇ ਯੁਵਕਾਂ ਦੀ ਸਕਿੱਲ ਡਿਵੈਲਪਮੈਂਟ ਲਈ ਟਰੇਨਿੰਗ ਦਿਵਾਈ ਜਾ ਰਹੀ ਹੈ :-

### I. ਸਟੇਟ ਇੰਸਟੀਚਿਊਟ ਆਫ ਆਟੋਮੋਟਿਵ ਐਂਡ ਡਰਾਈਵਿੰਗ ਸਕਿੱਲ ਮਹੁਆਣਾ, ਜ਼ਿਲ੍ਹਾ ਮੁਕਤਸਰ ਸਾਹਿਬ :

ਇਸ ਸੰਸਥਾ ਰਾਹੀਂ ਰਾਜ ਦੇ ਯੁਵਕਾਂ ਨੂੰ ਡਰਾਇਵਿੰਗ ਅਤੇ ਆਟੋਮੋਟਿਵ ਸਕਿੱਲ,

ਮੋਟਰ ਮਕੈਨਿਕ, ਰੈਫਰਿਜਰੇਸ਼ਨ ਤੇ ਏਅਰਕੰਡੀਸ਼ਨਜ਼ ਮਕੈਨਿਕ, ਇਲੈਕਟ੍ਰੀਸ਼ੀਅਨ, ਵੈਲਡਰ, ਆਟੋਮੋਟਿਵ, ਡਰਾਇਵਰ (ਹੈਵੀ/ਲਾਇਟ ਵਹੀਕਲ) ਅਤੇ ਡੀਜ਼ਲ ਮਕੈਨਿਕ ਦੀ ਟ੍ਰੇਡਾਂ ਵਿੱਚ ਟਾਟਾ ਮੋਟਰਜ ਦੀ ਸਹਾਇਤਾ ਨਾਲ ਸੈਂਟਰਾਂ ਵਿਚ ਟ੍ਰੇਨਿੰਗ ਦਿਵਾਈ ਜਾ ਰਹੀ ਹੈ।

## II. ਕੰਸਟਰਕਸ਼ਨ ਸਕਿੱਲ ਡਿਵੈਲਪਮੈਂਟ ਸੈਂਟਰ :

ਇਹ ਸੈਂਟਰ ਲਾਰਸਨ ਅਤੇ ਟੂਬਰੋ ਕੰਪਨੀ ਦੀ ਸਹਾਇਤਾ ਨਾਲ ਮੁਕਤਸਰ ਜ਼ਿਲ੍ਹੇ ਵਿੱਚ ਲੰਬੀ ਬਲਾਕ ਦੇ ਪਿੰਡ ਅਬੁਲ ਖੁਰਾਨਾ ਵਿਖੇ ਸਥਾਪਿਤ ਕੀਤਾ ਗਿਆ ਹੈ। ਇਸ ਸੈਂਟਰ ਵਿਖੇ ਮੈਸਨ, ਬਾਰ ਬੈਂਡਰ, ਕਾਰਪੇਂਟਰ, ਪਲੰਬਰ, ਵੈਲਡਰ ਅਤੇ ਇਲੈਕਟ੍ਰੀਸ਼ਨ ਦੀ ਟਰੇਡਾਂ ਵਿੱਚ ਟ੍ਰੇਨਿੰਗ ਦਿਵਾਈ ਜਾਂਦੀ ਹੈ।

## III. ਵਿਦੇਸ਼ੀ ਰੋਜ਼ਗਾਰ ਅਤੇ ਟ੍ਰੇਨਿੰਗ ਬਿਊਰੋ :

ਇਹ ਬਿਊਰੋ ਰੋਜ਼ਗਾਰ ਜਨਰੇਸ਼ਨ ਐਂਡ ਟ੍ਰੇਨਿੰਗ ਵਿਭਾਗ ਅਧੀਨ ਕੰਮ ਕਰ ਰਿਹਾ ਹੈ। ਇਸ ਬਿਊਰੋ ਵੱਲੋਂ ਮਨਿਸਟਰੀ ਆਫ ਓਵਰਸੀਜ਼ ਇੰਡੀਅਨ ਅਫੇਅਰਜ਼ ਦੀ ਸਕਿੱਲ ਅਪਗਰੇਡੇਸ਼ਨ ਅਤੇ ਪ੍ਰੀ-ਡਿਪਾਰਚਰ ਓਰੀਐਂਟੇਸ਼ਨ ਸਕੀਮ ਅਧੀਨ ਪ੍ਰਾਰਥੀਆਂ ਨੂੰ ਵੈਲਡਰ, ਚਾਈਲਡ ਕੇਅਰ, ਪਲੰਬਰ, ਮੈਸਨ ਅਤੇ ਹੌਸਪਿਟੈਲਟੀ, ਰਿਟੇਲ ਕੋਰਸਾਂ ਵਿਚ ਟ੍ਰੇਨਿੰਗ ਦਿੱਤੀ ਜਾਂਦੀ ਹੈ।

## IV. ਪੰਜਾਬ ਦੇ ਯੁਵਕਾਂ ਦਾ ਸਿਖਲਾਈ ਤੇ ਰੋਜ਼ਗਾਰ ਕੇਂਦਰ (ਸੀ-ਪਾਈਟ) :

ਇਸ ਕੇਂਦਰ ਵੱਲੋਂ ਪੇਂਡੂ ਖੇਤਰਾਂ ਦੇ ਬੇਰੋਜ਼ਗਾਰ ਯੁਵਕਾਂ ਨੂੰ ਫੌਜ ਤੇ ਨੀਮ ਫੌਜੀ ਬਲਾਂ ਵਿੱਚ ਭਰਤੀ ਕਰਨ ਹਿੱਤ ਪੂਰਵ ਚੋਣ ਸਿਖਲਾਈ ਦਿੱਤੀ ਜਾਂਦੀ ਹੈ। ਇਸ ਨਾਲ ਯੁਵਕਾਂ ਨੂੰ ਵੱਖ-ਵੱਖ ਕਿੱਤਿਆਂ ਵਿੱਚ ਰੋਜ਼ਗਾਰ ਯੋਗ ਬਣਾਉਣ ਲਈ ਅਤੇ ਯੁਵਕਾਂ ਨੂੰ ਕੌਮੀ ਮੁੱਖ ਧਾਰਾ ਵਿੱਚ ਸ਼ਾਮਿਲ ਕਰਨ ਲਈ ਪ੍ਰੇਰਿਤ ਤੇ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਕੇਂਦਰ ਵੱਲੋਂ ਹੁਣ ਤੱਕ ਲੱਗਭਗ 9323 ਯੁਵਕਾਂ ਨੂੰ ਟ੍ਰੇਨਿੰਗ ਦਿੱਤੀ ਜਾ ਚੁੱਕੀ ਹੈ।

## V. ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਸਜ਼ ਪ੍ਰੈਪਰੇਟਰੀ ਸੰਸਥਾ, ਮੋਹਾਲੀ :

ਇਸ ਸੰਸਥਾ ਵਲੋਂ ਰਾਜ ਦੇ ਯੁਵਕਾਂ ਨੂੰ ਰੱਖਿਆ ਸੇਵਾਵਾਂ ਵਿੱਚ ਐਨ.ਡੀ.ਏ. ਰਾਹੀਂ ਅਫ਼ਸਰਾਂ ਦੀ ਭਰਤੀ ਲਈ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇਸ ਸੰਸਥਾ ਵਿੱਚ ਹਰ ਸਾਲ 46 ਯੁਵਕਾਂ ਨੂੰ ਐਨ.ਡੀ.ਏ. ਦੀ ਟ੍ਰੇਨਿੰਗ ਲਈ ਦਾਖਲਾ ਦਿੱਤਾ ਜਾਂਦਾ ਹੈ, ਹੁਣ ਤੱਕ 8 ਯੁਵਕ ਐਨ.ਡੀ.ਏ. ਲਈ ਚੋਣ ਹੋ ਚੁੱਕੀ ਹੈ।

------

## ਬੁਢਲਾਡਾ ਦੇ ਪਿੰਡ ਫਰੀਦਕੇ ਤੋਂ ਹਰਿਆਣਾ ਸਰਹੱਦ ਤੱਕ ਪੱਕੀ ਸੜਕ ਬਣਾਉਣਾ

***782. ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕਿ ਲੋਕ ਨਿਰਮਾਣ (ਭ. ਤੇ ਮ.) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਉਪ-ਮੰਡਲ ਬੁਢਲਾਡਾ ਦੇ ਪਿੰਡ ਫਰੀਦਕੇ ਤੋਂ ਹਰਿਆਣਾ ਸਰਹੱਦ ਤੱਕ ਪੱਕੀ ਸੜਕ ਬਣਾਉਣ ਲਈ ਸਰਕਾਰ ਕੋਈ ਤਜਵੀਜ਼ ਰੱਖਦੀ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਉਕਤ ਸਡਕ ਨੂੰ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

**ਸਰਦਾਰ ਤੋਤਾ ਸਿੰਘ :** ਨਹੀਂ, ਜੀ।

------

© 2014

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8279/05-2014(1)

# PUNJAB VIDHAN SABHA

**DEBATES**

*Wednesday, the 20th March, 2013*

**Vol. IV – No. 7**

OFFICIAL REPORT

CONTENTS


| | | Page |
|---|---|---|
| Starred Questions and Answers | ... | (7) 1 |
| Presentation of the Budget Estimates for the year 2013-14 | ... | (7) 16 |
| Appendix | ... | (i)-(vii) |



**Punjab Vidhan Sabha Secretariat, Chandigarh**

Price : Rs._________.

## ਪੰਜਾਬ ਸਰਕਾਰ ਦੇ ਮੰਤਰੀ ਮੰਡਲ ਦੇ ਨਾਵਾਂ ਦੀ ਸੂਚੀ

| ਕ੍ਰਮ ਨੰ: | ਨਾਂ | ਮਹਿਕਮਾ/ਮਹਿਕਮੇ |
|---|---|---|
| 1. | ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ | ਨਿਆਂ, ਪ੍ਰਸੋਨਲ, ਬਿਜਲੀ, ਖੇਤੀਬਾੜੀ, ਵਿਜੀਲੈਂਸ, ਸਾਇੰਸ ਤਕਨਾਲੋਜੀ, ਵਾਤਾਵਰਨ ਸਹਿਕਾਰਤਾ, ਆਮ ਪ੍ਰਸ਼ਾਸਨ, ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ, ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਨ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ |
| 2. | ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ | ਗ੍ਰਹਿ, ਪ੍ਰਸ਼ਾਸਨਿਕ ਸੁਧਾਰ, ਮਕਾਨ ਉਸਾਰੀ, ਕਰ ਤੇ ਆਬਕਾਰੀ, ਪੂੰਜੀ-ਨਿਵੇਸ਼ ਪ੍ਰੋਤਸਾਹਨ, ਖੇਡਾਂ ਅਤੇ ਯੁਵਕ ਸੇਵਾਵਾਂ ਭਲਾਈ ਅਤੇ ਸ਼ਹਿਰੀ ਹਵਾਬਾਜੀ |
| 3. | ਸ਼੍ਰੀ ਚੂਨੀ ਲਾਲ ਭਗਤ | ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ |
| 4. | ਸਰਦਾਰ ਸਰਵਣ ਸਿੰਘ ਫਿਲੌਰ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ |
| 5. | ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ | ਖੁਰਾਕ ਤੇ ਸਿਵਲ ਸਪਲਾਈ, ਖਪਤਕਾਰ ਮਾਮਲੇ, ਫੂਡ ਪ੍ਰੋਸੈਸਿੰਗ ਅਤੇ ਸੂਚਨਾ ਤਕਨਾਲੋਜੀ ਮੰਤਰੀ |
| 6. | ਸਰਦਾਰ ਅਜੀਤ ਸਿੰਘ ਕੋਹਾੜ | ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਤੇ ਰੁਜ਼ਗਾਰ ਉਤਪਤੀ ਮੰਤਰੀ |
| 7. | ਸਰਦਾਰ ਗੁਲਜਾਰ ਸਿੰਘ ਰਣੀਕੇ | ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 8. | ਸ਼੍ਰੀ ਮਦਨ ਮੋਹਨ ਮਿੱਤਲ | ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ ਤੇ ਮਹਿਲਾ ਤੇ ਬਾਲ ਵਿਕਾਸ ਅਤੇ ਸੰਸਦੀ ਮਾਮਲੇ ਮੰਤਰੀ |
| 9. | ਸਰਦਾਰ ਪਰਮਿੰਦਰ ਸਿੰਘ ਢੀਂਡਸਾ | ਵਿੱਤ ਤੇ ਯੋਜਨਾ, ਸੰਸਥਾਈ ਵਿੱਤ, ਬੈਂਕਿੰਗ ਤੇ ਪ੍ਰੋਗਰਾਮ ਲਾਗੂਕਰਨ ਮੰਤਰੀ |

| | | |
|---|---|---|
| 10. | ਸਰਦਾਰ ਜਨਮੇਜਾ ਸਿੰਘ ਸੇਖੋਂ | ਸਿੰਜਾਈ ਮੰਤਰੀ |
| 11. | ਸ਼੍ਰੀ ਸੁਰਜੀਤ ਕੁਮਾਰ ਜਿਆਨੀ | ਵਣ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ |
| 12. | ਸਰਦਾਰ ਬਿਕਰਮ ਸਿੰਘ ਮਜੀਠੀਆ | ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਪ੍ਰਵਾਸੀ ਭਾਰਤੀ ਮਾਮਲੇ ਅਤੇ ਗੈਰ ਰਵਾਇਤੀ ਊਰਜਾ ਮੰਤਰੀ |
| 13. | ਸਰਦਾਰ ਸਿਕੰਦਰ ਸਿੰਘ ਮਲੂਕਾ | ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ |
| 14. | ਸ਼੍ਰੀ ਅਨਿਲ ਜੋਸ਼ੀ | ਸਨਅਤਾਂ ਤੇ ਵਣਜ ਅਤੇ ਤਕਨੀਕੀ ਸਿੱਖਿਆ ਤੇ ਸਨਅਤੀ ਸਿਖਲਾਈ ਮੰਤਰੀ |
| 15. | ਸਰਦਾਰ ਸੁਰਜੀਤ ਸਿੰਘ ਰੱਖੜਾ | ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ |
| 16. | ਸਰਦਾਰ ਸ਼ਰਨਜੀਤ ਸਿੰਘ ਢਿੱਲੋਂ | ਲੋਕ ਨਿਰਮਾਣ (ਭ ਤੇ ਮ) ਮੰਤਰੀ |

------

## ਪੰਜਾਬ ਸਰਕਾਰ ਦੇ ਮੁੱਖ ਸੰਸਦੀ ਸਕੱਤਰਾਂ ਦੀ ਸੂਚੀ

| ਕ੍ਰਮ ਨੰ: | ਨਾਂ | ਮਹਿਕਮਾ/ਮਹਿਕਮੇ |
|---|---|---|
| 1. | ਸਰਦਾਰ ਸੋਹਣ ਸਿੰਘ ਠੰਡਲ | ਸਿੰਜਾਈ |
| 2. | ਚੌਧਰੀ ਨੰਦ ਲਾਲ | ਜੰਗਲਾਤ, ਜੰਗਲੀ ਜੀਵ ਸੁਰੱਖਿਆ ਅਤੇ ਕਿਰਤ |
| 3. | ਸਰਦਾਰ ਬਲਬੀਰ ਸਿੰਘ ਘੁੰਨਸ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ |
| 4. | ਸ਼੍ਰੀ ਦੇਸ ਰਾਜ ਧੁੱਗਾ | ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ |
| 5. | ਸਰਦਾਰ ਹਰਮੀਤ ਸਿੰਘ ਸੰਧੂ | ਲੋਕ ਨਿਰਮਾਣ (ਭ ਤੇ ਮ) |
| 6. | ਸਰਦਾਰ ਮਨਤਾਰ ਸਿੰਘ ਬਰਾੜ | ਪੇਂਡੂ ਵਿਕਾਸ ਅਤੇ ਪੰਚਾਇਤਾਂ |
| 7. | ਸ਼੍ਰੀਮਤੀ ਮਹਿੰਦਰ ਕੌਰ ਜੋਸ਼ | ਡਾਕਟਰੀ ਸਿੱਖਿਆ ਅਤੇ ਖੋਜ |
| 8. | ਸ਼੍ਰੀ ਅਵਿਨਾਸ਼ ਚੰਦਰ | ਉਚੇਰੀ ਸਿੱਖਿਆ |
| 9. | ਸ਼੍ਰੀ ਕੇ.ਡੀ. ਭੰਡਾਰੀ | ਸਹਿਕਾਰਤਾ |
| 10. | ਸਰਦਾਰ ਇੰਦਰਬੀਰ ਸਿੰਘ ਬੁਲਾਰੀਆ | ਸਿੱਖਿਆ |
| 11. | ਸਰਦਾਰ ਅਮਰਪਾਲ ਸਿੰਘ ਅਜਨਾਲਾ | ਤਕਨੀਕੀ ਸਿੱਖਿਆ ਅਤੇ ਸਨਅਤੀ ਸੰਸਥਾਵਾਂ |
| 12. | ਸਰਦਾਰ ਗੁਰਬਚਨ ਸਿੰਘ ਬੱਬੇਹਾਲੀ | ਖੇਤੀਬਾੜੀ |
| 13. | ਸਰਦਾਰ ਵਿਰਸਾ ਸਿੰਘ ਵਲਟੋਹਾ | ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ, ਅਤੇ ਸੁਰੱਖਿਆ ਸੇਵਾਵਾਂ ਭਲਾਈ |
| 14. | ਸ਼੍ਰੀ ਐਨ.ਕੇ.ਸ਼ਰਮਾ | ਸਨਅਤ ਅਤੇ ਵਣਜ |
| 15. | ਸ਼੍ਰੀਮਤੀ ਐਫ. ਨਿਸਾਰਾ ਖਾਤੂਨ (ਫਰਜ਼ਾਨਾ ਆਲਮ) | ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ |
| 16. | ਡਾਕਟਰ ਨਵਜੋਤ ਕੌਰ ਸਿੱਧੂ | ਸਿਹਤ ਅਤੇ ਪਰਿਵਾਰ ਭਲਾਈ |
| 17. | ਸ਼੍ਰੀ ਪ੍ਰਕਾਸ਼ ਚੰਦ ਗਰਗ | ਖੁਰਾਕ ਅਤੇ ਸਿਵਲ ਸਪਲਾਈ |
| 18. | ਸ਼੍ਰੀ ਪਵਨ ਕੁਮਾਰ ਟੀਨੂੰ | ਖੇਡਾਂ ਤੇ ਯੁਵਕ ਸੇਵਾਵਾਂ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ |
| 19. | ਸ਼੍ਰੀ ਸਰੂਪ ਚੰਦ ਸਿੰਗਲਾ | ਆਬਕਾਰੀ ਤੇ ਕਰ |
| 20. | ਸ਼੍ਰੀ ਸੋਮ ਪ੍ਰਕਾਸ਼ | ਸਥਾਨਕ ਸਰਕਾਰ |